# ਤੂੰ ਕੀ ਜਾਣੇਂ

ਮੇਰਾ ਹੱਥ ਫੜ ਨਾਲ ਤੁਰਿਆ ਸੀ,
ਮੈਂ ਹੌਲੀ ਹੌਲੀ ਡੂੰਘੀ ਉਤਰ ਗਈ,
ਤੇ ਉਹ ਲਹਿਰਾਂ ਉੱਤੇ ਹੀ ਮੇਲ੍ਹਦਾ ਰਿਹਾ,
ਸ਼ਾਇਦ ਇਸੇ ਲਈ ਅਣਭਿੱਜ ਏ ਅਜੇ,
ਉਹ ਮੋਹ ਦੇ ਸਾਗਰ ਤੋਂ.......।

# ਤੂੰ ਕੀ ਜਾਣੇਂ

ਪਰਮ ਸਰਾਂ

GRACIOUS

©
Author

Tu Ki Jaane (Poetry)

By

Parm Sran

ISBN : 978-93-85670-63-3
YEAR : 2016
PRICE : 250 ₹

Published By
**Gracious Books**
23 Shalimar Plaza Opp. Punjabi University, Patiala
graciousbooks@yahoo.co.in
www.graciousbooks.in
91-175-5007643, 5017642

Printed At : DK Fine Art Press, New Delhi.

**ਸਮਰਪਨ**

ਹਰ ਉਸ ਮੁਹੱਬਤੀ ਅਹਿਸਾਸ ਨੂੰ ਜਿਸ ਨੇ ਮੇਰੀ ਕਲਮ ਨੂੰ ਲਫ਼ਜ਼ਾਂ ਦੇ ਮੋਤੀ ਦੇ ਕੇ ਕਵਿਤਾਵਾਂ ਦੀ ਮਾਲਾ ਪਰੋਈ!

# ਤਤਕਰਾ


| | |
|---|---|
| ਮੁਹੱਬਤੀ ਦਿਲ ਦੀ ਹੂਕ....'ਤੂੰ ਕੀ ਜਾਣੇਂ !' | 9 |
| ਨਿੱਘੀ ਤੇ ਮਿੱਠੀ ਸ਼ਖ਼ਸੀਅਤ ਦਾ ਪਰਛਾਵਾਂ ਤੂੰ ਕੀ ਜਾਣੇਂ | 15 |
| ਆਦਿ-ਕਥਨ | 17 |
| ਅਜਨਬੀ | 19 |
| ਦੋ ਬੋਲ | 21 |
| ਸਵਾਤੀ ਬੂੰਦ | 23 |
| ਅਹਿਸਾਸ | 25 |
| ਮੁਹੱਬਤ | 27 |
| ਚਾਂਦੀ | 29 |
| ਇਹ ਕੌਣ | 31 |
| ਕਸ਼ਮਕਸ਼ | 33 |
| ਸਕੂਨ | 35 |
| ਫਾਸਲਾ | 37 |
| ਚਾਹਤ | 39 |
| ਜ਼ੰਨਤ | 41 |
| ਤੇਰਾ ਮੇਰਾ | 43 |
| ਕਦੇ ਕਦੇ ਜੀਅ ਕਰਦਾ | 45 |
| ਕਣੀਆਂ | 47 |
| ਕਮਜ਼ੋਰ ਦਿਲ | 49 |
| ਗਹਿਰਾਈ | 51 |
| ਸਫਰ | 53 |
| ਉਮਰ ਕੈਦ | 55 |
| ਵਿਸਮਾਦ | 57 |
| ਦਾਸਤਾਨ | 59 |
| ਜਾਦੂਈ ਅਸਰ | 61 |
| ਕੀ ਕਰਾਂ | 63 |
| ਇੱਕ ਘੁੱਟ | 65 |
| ਵਣਜ | 67 |
| ਸੰਦੂਕ | 69 |
| ਮੁੱਲ | 71 |
| ਔਰਤ | 73 |
| ਹੋਂਦ | 75 |
| ਮੈਂ ਕੀ ਹਾਂ | 77 |
| ਹੋਰ ਨਹੀਂ | 79 |

| | |
|---|---|
| ਕਤਰਾ | 81 |
| ਮਾਂ | 83 |
| ਮੁਬਾਰਕਾਂ | 85 |
| ਬੂਟਾ | 87 |
| ਮੇਰੀ ਕਲਮ | 89 |
| ਮੇਰੀ ਨਜ਼ਮ | 91 |
| ਚੀਸ | 93 |
| ਕਵਿਤਾ | 94 |
| ਹਰਫ਼ | 95 |
| ਹਕੂਮਤ | 96 |
| ਖਲਾਅ | 97 |
| ਅਮਾਨਤ | 98 |
| ਸੱਚ-ਝੂਠ | 99 |
| ਅੰਜਾਮ | 100 |
| ਰੂਹ ਦੀ ਤਲਾਸ਼ | 101 |
| ਪਰਵਾਜ਼ | 102 |
| ਪਾਕ ਰਿਸ਼ਤਾ | 103 |
| ਵਪਾਰੀ | 104 |
| ਕੋਸ਼ਿਸ਼ | 105 |
| ਇੱਕ ਰਾਹੀ | 106 |
| ਮੁਹੱਬਤ ਜਾਂ ਉਮਰ ਕੈਦ | 107 |
| ਕਿੱਸਾ | 108 |
| ਸੁਰਖੁਰੂ | 109 |
| ਬੇਨਾਮ | 110 |
| ਖਿਆਲ | 111 |
| ਸੌਦੇਬਾਜੀ | 112 |
| ਚੌਖਟ | 113 |
| ਤਿਲਕਣ | 114 |
| ਝਾਤ | 115 |
| ਸੁਪਨਮਈ ਮੁਲਾਕਾਤ | 116 |
| ਰਾਖ | 117 |
| ਮੇਰਾ ਅਕਸ | 118 |
| ਹਰਫ | 119 |
| ਚੁੱਪ | 120 |
| ਚੱਲ ਮਨਾਂ | 121 |
| ਦੂਰੀ | 122 |
| ਗੁੱਸਾ | 123 |
| ਐ ਜ਼ਿੰਦਗੀ | 124 |

| | |
|---|---|
| ਇੰਤਜ਼ਾਰ | 125 |
| ਅੜਿਆ | 126 |
| ਠੀਕਰੀਆਂ | 127 |
| ਇੰਝ ਵੀ ਹੁੰਦਾ | 128 |
| ਓਪਰੀ ਸ਼ੈਅ | 129 |
| ਤੂੰ ਕੀ ਜਾਣੇਂ | 130 |
| ਜ਼ਹਿਨ | 131 |
| ਮਜਬੂਰੀ | 132 |
| ਸੁਪਨਿਆਂ ਦਾ ਟੁੱਟ ਜਾਣਾ | 133 |
| ਬਰਸਾਤ | 134 |
| ਛੋਹ | 135 |
| ਫ਼ਿਤਰਤ | 136 |
| ਮੇਰੀ ਚਾਹਤ | 137 |
| ਦਰਦ | 138 |
| ਕੰਡਿਆਲੀ ਥੋਹਰ | 139 |
| ਮਾਲੀ | 140 |
| ਸਿਲਾ | 141 |
| ਸੁੱਚੀ ਮੁਹੱਬਤ | 142 |
| ਰਾਤ ਸਾਕਸ਼ੀ | 143 |
| ਰਮਜ਼ਾਂ | 144 |
| ਬਦਲ | 145 |
| ਤੇਰੇ ਤੋਂ ਬਗੈਰ | 146 |
| ਗਲਤੀ | 147 |
| ਅਣਕਹੇ ਅਹਿਸਾਸ | 148 |
| ਖੁਦਗਰਜ਼ | 149 |
| ਜਿੰਦ ਨਿਮਾਣੀ | 150 |
| ਦਰਦ ਅਵੱਲੇ | 151 |
| ਗੁੰਮ ਸੁੰਮ | 152 |
| ਬਿਰਹਣ | 153 |
| ਬੇਜਾਨ ਮੂਰਤ | 154 |
| ਮਹਿਬੂਬ ਜਾਂ ਤਵਾਇਫ਼ | 155 |
| ਆਖਰੀ ਖ਼ਤ | 156 |
| ਸ਼ਿਕਵਾ | 157 |
| ਮਿਲਣ | 158 |
| ਉਮੀਦ | 159 |
| ਆਸ | 160 |

# ਮੁਹੱਬਤੀ ਦਿਲ ਦੀ ਹੂਕ....'ਤੂੰ ਕੀ ਜਾਣੇਂ !'

ਕਵਿਤਾ ਦਿਲ ਦੀ ਆਵਾਜ਼ ਹੈ, ਰੂਹ ਦਾ ਸੰਗੀਤ ਹੈ ਤੇ ਮਨ ਦੀਆਂ ਡੂੰਘੀਆਂ ਗੁਫਾਵਾਂ ਵਿੱਚ ਵਸਦੀ ਮੁਹੱਬਤ ਦੀ ਭਿੰਨੀ-ਭਿੰਨੀ ਖੁਸ਼ਬੋ ਹੈ। ਖੁਸ਼ਬੋ, ਜਿਹੜੀ ਜ਼ਿੰਦਗੀ ਨੂੰ ਧੜਕਦਾ ਰੱਖਦੀ ਹੈ, ਜ਼ਿੰਦਗੀ ਜਿਹੜੀ ਅਸਲ ਵਿੱਚ ਇਸੇ ਪਿਆਰ ਦਾ, ਇਸੇ ਮੁਹੱਬਤ ਦਾ ਜਲੌਅ ਹੈ, ਜਸ਼ਨ ਹੈ। ਪਰਮ ਸਰਾਂ ਦੀ ਕਿਤਾਬ 'ਤੂੰ ਕੀ ਜਾਣੇ' ਨੂੰ ਪੜ੍ਹਦਿਆਂ ਇਸ ਖ਼ੁਸਬੋ ਦੇ, ਇਸ ਜਲੌਅ ਦੇ ਭਰਪੂਰ ਦਰਸ਼ਨ ਹੁੰਦੇ ਹਨ। ਉਦਾਸੀਆਂ ਦੀ ਦਹਿਲੀਜ਼ 'ਤੇ ਖੜ੍ਹੀ ਜੋਗਣ-ਰੂਹ ਦੀ ਅਲਖ ਸੁਣੀਂਦੀ ਹੈ, ਜ਼ਖ਼ਮ ਦੇਣ ਵਾਲੇ ਲਈ ਦੁਆਵਾਂ ਦੀ ਧੂਣੀ ਮਘਦੀ ਹੈ:

*ਮੇਰੇ ਮਨ ਦੇ ਕਾਸੇ ਵਿੱਚ*
*ਹੰਝੂਆਂ ਤੇ ਪੀੜਾਂ ਦੀ ਖੈਰਾਤ ਪਾਉਣ ਵਾਲਿਆ,*
*ਲਿਆ, ਝੋਲੀ ਕਰ,*
*ਖ਼ੁਸ਼ੀਆਂ ਤੇ ਦੁਆਵਾਂ ਪਾ ਦੇਵਾਂ,*
*ਜੋ ਨਿੱਤ ਮੰਗੀਆਂ ਮੈਂ, ਹੱਥ ਜੋੜ ਤੇਰੇ ਲਈ।........... ?*

ਤੇ ਫਿਰ ਇਸ ਕਿਤਾਬ ਦੇ ਹਰਫ਼ਾਂ ਵਿਚੋਂ ਗੁਜ਼ਰਦਿਆਂ ਜਿਵੇਂ ਕਿਸੇ ਬਉਲੀ ਦੀਆਂ ਪੌੜੀਆਂ ਉਤਰਦੇ ਜਾਂਦੇ ਓ, ਧੁਰ ਹੇਠਾਂ ਰਮਤੇ ਰਮਤੇ ਵਗ ਰਹੇ ਨਿਰਮਲ ਪਾਣੀਆਂ ਵਿਚੋਂ ਚੂਲੀ ਭਰਦੇ ਓ, ਇਹ ਚੂਲੀ ਹਯਾਤੀ ਦਾ ਨਿਚੋੜ ਹੋ ਨਿੱਬੜਦੀ ਹੈ:

*ਕੁਝ ਸਹਿਕਦੇ ਅਰਮਾਨ*
*ਤੇ ਕੁਝ ਸੁਲਘਦੇ ਅਹਿਸਾਸ*
*ਕਬਰਾਂ ਤੱਕ ਸਾਥ ਨਿਭਾਉਂਦੇ ਨੇ*
*ਖ਼ੁਸ਼ੀਆਂ ਤਾਂ ਪਲ ਦੀਆਂ ਮਹਿਮਾਨ ਹੁੰਦੀਆਂ ਨੇ*
*ਪਰ ਬੜੇ ਵਫਾਦਾਰ ਹੁੰਦੇ ਨੇ ਇਹ ਦਰਦ*
*ਰਾਖ ਹੋਣ ਤੱਕ ਸਾਥ ਨਿਭਾਉਂਦੇ ਨੇ।.......... ?*

ਕਵਿੱਤਰੀ ਨੇ ਬੜੇ ਸਾਦੇ ਸਰਲ ਸ਼ਬਦਾਂ ਵਿਚ ਖ਼ੂਬਸੂਰਤ ਕਵਿਤਾਵਾਂ ਕਹੀਆਂ ਨੇ, ਜੋ ਰਸ ਵੀ ਦਿੰਦੀਆਂ ਨੇ, ਟੁੰਬਦੀਆਂ ਵੀ ਨੇ ਤੇ ਪਾਠਕਾਂ ਨੂੰ ਇਕ ਨਵੇਂ ਸੰਸਾਰ ਵਿੱਚ ਲੈ ਜਾਂਦੀਆਂ ਨੇ, ਜਿੱਥੇ ਕਦੀ ਸੂਰਜ ਲਿਸ਼ਕਦੇ ਨੇ, ਕਦੀ ਚੰਦ ਛੁਪਦੇ ਨੇ ਤੇ ਜ਼ਿੰਦਗੀ ਹਨ੍ਹੇਰੇ ਦਾ ਬੁਰਕਾ ਪਹਿਨ ਲੈਂਦੀ ਹੈ:

*ਪਤਾ ਤੈਨੂੰ*
*ਜਿਹੜੀ ਲੱਪ ਕੁ ਚਾਂਦੀ ਰੰਗੀ ਖ਼ੁਸ਼ੀਆਂ ਦੀ ਧੁੱਪ*
*ਤੂੰ ਮੇਰੇ ਪੱਲੇ ਬੰਨ੍ਹ ਦਿੰਦਾ ਸੀ,*
*ਉਹੀ ਲੱਪ ਮੈਂ ਜ਼ਿੰਦਗੀ ਦੇ ਹਰ ਕੋਨੇ 'ਤੇ ਖਿਲਾਰ*

*ਨਿੱਘ ਮਾਣਦੀ ਸੀ*
*ਜਦ ਦਾ ਤੂੰ ਮੂੰਹ ਫੇਰ ਲਿਆ*
*ਹਰ ਕੋਨਾ ਮੇਰੀ ਜ਼ਿੰਦਗੀ ਦਾ, ਮੱਸਿਆ ਦੀ ਰਾਤ ਬਣ ਗਿਆ।....... ?*

ਪਰ ਇਹ ਹਨ੍ਹੇਰਾ ਸਥਾਈ ਨਹੀਂ ਹੁੰਦਾ, ਕਦੀ ਚੰਦ ਗੋਡੀ ਮਾਰ ਲੈਂਦੈ, ਕਦੀ ਚੱਪਾ-ਅੱਧੀ ਰੋਟੀ ਵਾਂਗ ਵਧਦੈ ਤੇ ਕਦੀ ਪੂਰੇ ਦਾ ਪੂਰਾ ਖਿੜ ਕੇ ਪੁੰਨਿਆ ਦਾ ਹੁਸਨ-ਜਮਾਲ ਬਣਦੈ। ਇਹ ਨਜ਼ਮਾਂ ਕਦੀ ਮਹਿਬੂਬ ਦੀ ਬੇਰੁਖ਼ੀ ਦੀ ਗਾਥਾ ਕਹਿੰਦੀਆਂ ਨੇ, ਕਦੀ ਉਹਦੇ ਤੋਂ ਜਿੰਦਜਾਨ ਵਾਰਨ ਤੱਕ ਜਾਂਦੀਆਂ ਨੇ ਤੇ ਕਦੀ ਉਹਨੂੰ 'ਰੱਬ' ਮਿਥ ਲੈਂਦੀਆਂ ਨੇ। ਪਰਮ ਸਰਾਂ ਨੇ ਪਿਆਰ ਵਿੱਚ ਡੁੱਬ ਕੇ, ਸਿਰ ਤੋਂ ਪੈਰਾਂ ਤੱਕ ਭਿੱਜ ਕੇ ਕਵਿਤਾਵਾਂ ਲਿਖੀਆਂ ਨੇ ਤੇ ਇਸ ਕਥਨ ਨੂੰ ਸੱਚ ਕਰ ਦਿਖਾਇਐ ਕਿ ਪਿਆਰ ਵਿੱਚ ਮੋਏ ਬੰਦਿਆਂ ਦੇ ਬੋਲ ਹੀ ਕਵਿਤਾ ਹੁੰਦੇ ਨੇ।

ਇਸ ਕਾਵਿ-ਰਸ ਦੀਆਂ ਘੁੱਟਾਂ ਭਰਦਿਆਂ ਪਾਠਕ ਦੇ ਆਪਣੇ ਅੰਦਰ ਵੀ ਯਾਦਾਂ ਦੀ ਐਲਬਮ ਖੁੱਲ੍ਹਦੀ ਜਾਂਦੀ ਹੈ, ਉਹ ਵੀ ਉਹਨਾਂ ਭੁੱਲੇ-ਵਿਸਰੇ ਪਲਾਂ ਵਿੱਚ ਪਹੁੰਚ ਜਾਂਦੈ ਜਦੋਂ ਕਦੀ ਉਹਦੇ ਅੰਬਰਾਂ ਉੱਤੇ ਵੀ ਇਹ ਕਿਣਮਿਣੀ ਰੁੱਤ ਆਈ ਸੀ:

*ਬੱਦਲਾਂ ਦੀ ਗੜਗੜਾਹਟ*
*ਬੇਬੱਸ ਮਨ ਦੀ ਚੀਕ*
*ਮੋਹਲੇਧਾਰ ਬਾਰਿਸ਼*
*ਖਾਰਾ ਪਾਣੀ ਵਹਾਉਂਦੇ ਨੈਣ*
*ਕਿੰਨਾ ਕੁਝ ਇਕੋ ਜਿਹਾ*
*ਅੰਦਰ ਤੇ ਬਾਹਰ।.............. ?*

ਇਹ ਜੋ ਅੰਦਰ ਤੇ ਬਾਹਰ ਇਕੋ ਜਿਹਾ ਹੈ, ਉਹ ਲੇਖਿਕਾ ਦੇ ਨਾਲ ਨਾਲ ਪਾਠਕ ਦੇ ਅੰਦਰ ਵੀ ਵਾਪਰਨ ਲੱਗ ਪੈਂਦਾ ਹੈ, ਤੇ ਇਹੋ ਕਿਸੇ ਲਿਖਤ ਦਾ ਹਾਸਿਲ ਹੁੰਦੈ, ਜਦੋਂ ਅਜਿਹਾ ਸ਼ੀਸ਼ਾ ਹੋ ਨਿੱਬੜੇ ਜਿਸ ਵਿਚੋਂ ਪਾਠਕ ਨੂੰ ਆਪਣਾ ਅਕਸ ਦਿਸਣ ਲੱਗ ਜਾਵੇ।

ਤੇ ਫਿਰ ਹੌਲੀ ਹੌਲੀ ਇਹ ਕਵਿਤਾਵਾਂ 'ਨਿੱਜ' ਤੋਂ ਉੱਠ ਕੇ 'ਪਰ' ਦੀ ਸੁਲੱਖਣੀ ਜੂਨ ਤੱਕ ਦਾ ਸਫ਼ਰ ਤੈਅ ਕਰ ਲੈਂਦੀਆਂ ਨੇ, ਦੂਜੇ ਦੇ ਦਰਦਾਂ ਦੀ ਜ਼ੁਬਾਨ ਬਣ ਜਾਂਦੀਆਂ ਨੇ, ਪਰਾਇਆਂ ਲਈ ਰਾਹਤ ਲੱਭਦੀਆਂ ਨੇ, ਸਕੂਨ ਤਲਾਸ਼ਦੀਆਂ ਨੇ:

*ਕਦੇ ਕਦੇ ਜੀਅ ਕਰਦਾ*
*ਬੱਦਲੀ ਵਾਂਗਰ ਉੱਡ-ਪੁੱਡ ਜਾਵਾਂ*
*ਕਿਸੇ ਬੰਜਰ ਟੁਕੜੇ 'ਤੇ ਵਰ੍ਹ ਜਾਵਾਂ*
*ਕਦੇ ਕਦੇ ਜੀਅ ਕਰਦਾ*
*ਮੱਸਿਆ ਦੀ ਕਾਲੀ ਰਾਤ 'ਚ ਖੋ ਜਾਵਾਂ*
*ਜੁਗਨੂੰ ਬਣ ਕੇ ਟਿਮਟਿਮਾਵਾਂ।....... ?*

*ਪਰ ਅੱਜ ਵੀ ਯਾਦ ਹੈ*
*ਉਹ ਸਾਂਵਲੇ ਜਿਹੇ ਰੰਗ ਵਾਲੀ*

*ਕੁੜੀ*
*ਮੋਢੇ ਬਗਲੀ, ਤੇੜ ਪਾਟੇ ਕੱਪੜੇ*
*ਕਾਗਜ਼ ਚੁਗਦੀ ਫਿਰਦੀ।......*

ਇਹ ਨਜ਼ਮਾਂ ਅੰਤਰਮਨ ਉਤੇ ਪਈਆਂ ਨਵੀਆਂ ਲਾਸਾਂ ਦਾ ਪ੍ਰਤੌਅ ਹਨ, ਸਫ਼ਰ ਨੂੰ ਮਿਲੇ ਸਰਾਪ ਦਾ ਪਰਛਾਵਾਂ ਹਨ, ਸਰਾਪ ਜਿਹੜਾ ਔਖੇ ਲੰਬੇ ਪੰਧ ਗਾਹੁਣ ਤੋਂ ਬਾਅਦ, ਮੰਜ਼ਿਲਾਂ ਦੀ ਮਮਟੀ 'ਤੇ ਪਹੁੰਚ ਕੇ 'ਵਰ' ਦੇ ਹਾਣ ਦਾ ਹੋ ਜਾਂਦੈ:

*ਤੇਰੇ ਮੋਹ ਦਾ ਇਕ ਘੁੱਟ ਭਰਨ ਲਈ*
*ਹਰ ਚੌਖਟ 'ਤੇ ਸਜਦਾ ਕਰ ਆਈ*
*ਗੁਰੂ ਘਰ ਮੱਥਾ ਟੇਕ ਲਿਆ*
*ਅੱਲਾ ਹੂ ਦਾ ਹੋਕਾ ਦੇ ਆਈ*
*ਈਸਾ ਨੂੰ ਦੁਆ ਵੀ ਕਰ ਲਈ ਮੈਂ*
*ਰਾਮ ਦਾ ਦਰ ਖੜਕਾ ਆਈ*
*ਮੁਹੱਬਤ 'ਚ ਤੇਰੀ ਚਾਹਤ ਨੇ*
*ਸੱਚ ਜਾਣੀ ਸੱਜਣਾ,*
*ਮੈਨੂੰ ਮਜ਼ਹਬਾਂ ਦੇ ਬੰਧਨਾਂ ਤੋਂ ਮੁਕਤ ਕਰ ਦਿੱਤਾ।.........*

ਆਪਣੇ ਦਰਦਾਂ ਦੀ ਗਾਥਾ ਕਹਿੰਦਿਆਂ ਕਹਿੰਦਿਆਂ ਆਮ ਔਰਤ ਦੀ ਵਿਥਿਆ ਕਿਵੇਂ ਅੱਖੋਂ ਉਹਲੇ ਹੋ ਸਕਦੀ ਸੀ ? ਤੇ ਉਹ ਹੋਈ ਵੀ ਨਹੀਂ, ਆਪਣੀਆਂ ਸਭ ਹੱਥਕੜੀਆਂ-ਬੇੜੀਆਂ ਸਮੇਤ ਹਾਜ਼ਿਰ ਹੈ:

*ਪਤਾ ਨਹੀਂ ਕੀ ਹੋਂਦ ਹੈ ਮੇਰੀ*
*ਪੈਰ ਪੈਰ 'ਤੇ ਨਸੀਹਤਾਂ, ਪਾਬੰਦੀਆਂ, ਮਜਬੂਰੀਆਂ*
*ਮੇਰੀ ਸੋਚ ਜਾਂ ਪਹੁੰਚੀ ਅੰਬਰੀਂ*
*ਪਰ ਮੇਰਾ ਵਜੂਦ ਅਜੇ ਵੀ ਬੰਧਕ ਏ।*
........................
*ਛਟਪਟਾ ਕੇ ਰਹਿ ਜਾਂਦੀ ਹਾਂ*
*ਮਹਿਲਨੁਮਾ ਪਿੰਜਰੇ ਅੰਦਰ*
.......................
*ਕਾਸ਼ ਮੈਂ ਵੀ ਜ਼ਿੰਦਗੀ ਨੂੰ ਜਿਉਂ ਕੇ ਵੇਖ ਲੈਂਦੀ।......*

*ਕਿੰਨੀਆਂ ਸਦੀਆਂ ਬੀਤ ਗਈਆਂ*
*ਮੇਰੀ ਕਹਾਣੀ ਉਹੀ ਏ*
*ਸੀਤਾ ਵਾਲੀ, ਦਰੋਪਦੀ ਵਾਲੀ, ਸਰੂਪਨਖਾ ਵਾਲੀ,*
*ਕਹਿਣ ਨੂੰ ਤਾਂ ਮੈਂ 'ਜੱਗ-ਜਨਣੀ' ਹਾਂ*
*ਪਰ ਜੱਗ ਦੀਆਂ ਮਾਰਾਂ ਸਹਿੰਦੀ ਹਾਂ।............*

ਏਥੇ ਸ਼ਾਇਰਾ ਨੇ 'ਸੀਤਾ' ਦੇ ਨਾਲ 'ਸਰੂਪਨਖਾ' ਦਾ ਬਿੰਬ ਜੋੜ ਕੇ ਅਸਲੋਂ ਹੀ

ਨਵੀਂ ਪ੍ਰਾਪਤੀ ਕੀਤੀ ਹੈ। ਸਰੂਪਨਖਾ, ਜਿਸਦੀ ਵੇਦਨਾ ਨੂੰ ਬਹੁਤ ਘੱਟ ਪਛਾਣਿਆ ਗਿਐ, ਇਤਿਹਾਸ ਨੇ ਵੀ ਜਿਸਦੇ ਨਾਲ ਨਿਆਂ ਨਹੀਂ ਕੀਤਾ, ਹੁਣ ਪਰਮ ਸਰਾਂ ਨੇ ਉਸਦੀ ਪੀੜਾ ਨੂੰ ਬੋਲ ਦੇ ਦਿੱਤੇ ਨੇ।

ਤੇ ਫਿਰ ਗੱਲ ਏਥੇ ਹੀ ਖ਼ਤਮ ਨਹੀਂ ਹੁੰਦੀ, ਉਹ ਬੀਰਾਂਗਣਾਂ ਚੇਤਿਆਂ ਵਿੱਚ ਉਭਰ ਆਉਂਦੀਆਂ ਨੇ, ਜਿਹਨਾਂ ਨੇ ਇਤਹਾਸ ਬਦਲ ਕੇ ਰੱਖ ਦਿੱਤੇ, ਮਨੁੱਖਤਾ ਨੂੰ ਸੇਧ ਦਿੱਤੀ ਤੇ ਦੈਂਤਾਂ ਨੂੰ ਤਬਾਹ ਕਰ ਦਿੱਤਾ। ਉਹਨਾਂ ਦੀਆਂ ਪੈੜਾਂ ਨੂੰ ਅਰਘ ਦਿੰਦਿਆਂ ਨਜ਼ਮ ਚੰਡੀ ਦਾ ਰੂਪ ਧਾਰਦੀ ਹੈ:

*ਮੈਂ ਡਟਾਂਗੀ ਹਰ ਖ਼ੌਫ਼ ਅੱਗੇ*
*ਹਰ ਵਹਿਸ਼ੀ ਅੱਗੇ*
*ਹਰ ਦਾਨਵ ਅੱਗੇ*
*ਹੁਣ ਮੈਂ ਮਾਈ ਭਾਗੋ ਹਾਂ*
*ਝਾਂਸੀ ਦੀ ਰਾਣੀ ਹਾਂ*
*ਦੁਰਗਾ ਦਾ ਰੂਪ ਹਾਂ।........*

ਇਹਨਾਂ ਜਗਮਗਾਉਂਦੇ ਅਹਿਸਾਸਾਂ ਨੂੰ ਚੁਗਦਿਆਂ ਚੁਗਦਿਆਂ ਔਰਤ ਦੀ ਇਕ ਹੋਰ ਮਹਾਨਤਾ ਉਜਾਗਰ ਹੁੰਦੀ ਹੈ, 'ਮਾਂ' ਹੋਣ ਦੀ, ਆਪਣੇ ਲਾਡਲਿਆਂ ਤੋਂ ਕੁਰਬਾਨ ਜਾਣ ਦੀ ਤੇ ਉਹਨਾਂ ਨੂੰ ਪਰਵਾਨ ਚੜ੍ਹਾਉਣ ਲਈ ਜ਼ੁਲਮ-ਸਿਤਮ ਦੇ ਝੱਖੜਾਂ ਸਾਹਵੇਂ ਆਪੂੰ ਸਿਰਜੇ ਕਿਲ੍ਹੇ ਵਿੱਚ ਸਿਮਟ ਜਾਣ ਦੀ:

*ਮਾਂ*
*ਤੇਰੇ ਹਰ ਕਰਮ ਨੂੰ ਸਿਜਦਾ*
*ਤੇਰੀ ਹਰ ਦਲੇਰੀ ਨੂੰ ਸਲਾਮ*
*ਤਾਹਨੇ, ਮਿਹਣੇ, ਕੌੜੇ ਬੋਲ*
*ਫੇਰ ਵੀ ਮੱਥੇ ਵੱਟ ਨਹੀਂ*
*ਸਭ ਕੁਝ ਸਹਿਣਾ*
*ਤੇ ਚੁੱਪ ਰਹਿਣਾ।.........*

ਇਹ ਕਵਿਤਾਵਾਂ ਵਿੱਚ ਡੂੰਘੇ ਫਲਸਫਿਆਂ ਨਾਲ ਲੱਦੀਆਂ ਸਾਗਰਾਂ ਵਰਗੀਆਂ ਗਹਿਰਾਈਆਂ ਤੇ ਖੰਡਾਂ-ਬ੍ਰਹਿਮੰਡਾਂ ਵਰਗੀਆਂ ਉਡਾਣਾਂ ਨਹੀਂ ਤੇ ਨਾ ਹੀ ਕਿਤੇ ਗ਼ਜ਼ਲਾਂ ਗੀਤਾਂ ਵਿਚਲੀ ਛੰਦਬੰਦੀ ਦੀਆਂ ਪਾਜ਼ੇਬਾਂ ਵਰਗੀ ਉਹ ਛਮ-ਛਮ ਹੈ, ਜਿਸ 'ਤੇ ਮਨ ਦਾ ਮੋਰ ਪੈਲਾਂ ਪਾ ਸਕੇ। ਏਥੇ ਤਾਂ ਹਰ ਕਵਿਤਾ ਸਿੱਧੀ-ਸਪੱਸ਼ਟ ਹੈ, ਭੋਲੀ-ਭਾਲੀ, ਮਾਸੂਮ ਜਿਹੀ, ਗੁਟਕੂੰ-ਗੁਟਕੂੰ ਕਰਦੀ ਘੁੱਗੀ ਵਰਗੀ, ਠੁਮਕ-ਠੁਮਕ ਤੁਰਦੀ ਤੇ ਪਤਾ ਹੀ ਨਹੀਂ ਲੱਗਦਾ ਕਦੋਂ ਪੜ੍ਹਨ ਵਾਲੀ ਅੱਖ ਵਿੱਚ ਆਲ੍ਹਣਾ ਪਾ ਲੈਂਦੀ ਹੈ:

*ਮੇਰੀ ਨਜ਼ਰ ਅਜੇ ਅੰਞਾਣੀ ਏ*
*ਇਹ ਤਾਂ ਹਵਾ 'ਚੋਂ ਮਹਿਕਾਂ ਲੱਭਦੀ ਏ*
*ਫੁੱਲਾਂ ਨਾਲ ਗੱਲਾਂ ਕਰਦੀ ਏ*
*ਬੱਦਲਾਂ ਨਾਲ ਉਡਣਾ ਲੋਚੇ ਇਹ*

*ਨਦੀਆਂ ਸੰਗ ਵਹਿਆ ਕਰਦੀ ਏ।......*
*ਸਵੇਰੇ ਮੇਰੀਆਂ ਪਲਕਾਂ ਦੀਆਂ ਬਰੂਹਾਂ ਸਿੱਲ੍ਹੀਆਂ ਜਾਪੀਆਂ*
*ਤਾਂ ਯਾਦ ਆਇਆ ਕਿ ਰਾਤੀਂ*
*ਉਹਨੇ ਸੁਫ਼ਨੇ 'ਚ ਹੱਥ ਛੁਡਾ ਲਿਆ ਸੀ।...........*

ਕਵਿਤਾ ਦਾ ਤਲਿਸਮ ਸੱਚ ਮੁਚ ਬਹੁਤ ਮੂੰਹ ਜ਼ੋਰ ਹੁੰਦਾ ਹੈ, ਬੜਾ ਟੂਣੇ ਹਾਰਾ, ਇਕ ਵਾਰ ਤੁਹਾਨੂੰ ਕੀਲ ਲਵੇ ਤਾਂ ਤੁਸੀਂ ਇਸ ਵਿਚੋਂ ਛੇਤੀ ਕੀਤਿਆਂ ਨਿੱਕਲ ਨਹੀਂ ਸਕਦੇ ਹੁੰਦੇ, ਬਸ਼ਰਤੇ ਕਿ ਉਹ ਕਵਿਤਾ ਸੱਚਮੁੱਚ ਕਵਿਤਾ ਹੋਵੇ। ਇਹ ਕਿਤਾਬ ਪੜ੍ਹਦਿਆਂ ਥਾਂ ਪੁਰ ਥਾਂ ਇਹੋ ਜਿਹੀ ਕਵਿਤਾ ਜਾਦੂ ਖਿਲਾਰੀ ਬੈਠੀ ਹੈ:

*ਜਦੋਂ ਤੇਰਾ ਸਾਥ ਹੋਵੇ*
*ਤਾਂ ਸਮੁੰਦਰ ਨੂੰ ਡੀਕ ਲਾ ਕੇ ਪੀਣ ਦਾ ਹੌਸਲਾ ਆ ਜਾਂਦਾ*
*ਕੱਚੇ 'ਤੇ ਤਰਨ ਦਾ ਹੁਨਰ ਆ ਜਾਂਦਾ.................*

*ਰੂਹਾਂ ਦਾ ਮੇਲ ਕਿੱਥੇ ਹੁੰਦਾ*
*ਹਾਰ-ਸ਼ਿੰਗਾਰ ਥੱਲੇ,*
*ਗਹਿਣੇ ਲੱਦੇ ਜਿਸਮ,*
*ਆਪਣੀ ਪਹਿਚਾਣ ਗੁਆ ਬਹਿੰਦੇ ਨੇ।...........*
*ਤੂੰ ਮੈਨੂੰ ਕਿਸੇ ਵੀ ਰਿਸ਼ਤੇ 'ਚ ਮਿਲਣ ਦੀ ਕੋਸ਼ਿਸ਼ ਕਰ*
*ਮੈਂ ਹਮੇਸ਼ਾ ਤੈਨੂੰ ਮੁਹੱਬਤ ਬਣ ਕੇ ਮਿਲਾਂਗੀ।.......*

*ਕਈ ਵਾਰ ਇੰਝ ਵੀ ਹੁੰਦਾ*
*ਬਹੁਤ ਸਾਰੇ ਲਫ਼ਜ਼ ਰਲ ਬਹਿੰਦੇ ਨੇ*
*ਗੋਸ਼ਟੀ ਕਰਦੇ ਨੇ*
*ਪਰ ਮਨ ਦਾ ਵੇਦਨ ਬਿਆਨ ਨਹੀਂ ਹੁੰਦਾ।.......*

ਕਵਿਤਾ ਦੀ ਨਦੀ ਵਗਦੀ ਜਾਂਦੀ ਹੈ, ਵਗਦੀ ਜਾਂਦੀ ਹੈ, ਉਥੋਂ ਤੱਕ ਜਿੱਥੇ ਲੇਖਿਕਾ ਨੂੰ ਨਦੀ ਦੇ ਕੰਢੇ ਖੁਰ ਜਾਣ ਵਰਗੀ ਪੀੜ ਦਾ ਅਹਿਸਾਸ ਹੁੰਦਾ ਹੈ। ਇਹ ਨਜ਼ਮ 'ਤੂੰ ਕੀ ਜਾਣੇ' ਵਿੱਚ ਇਹ ਅਹਿਸਾਸ ਮੋਤੀਆਂ ਵਾਂਗ ਪਰੋਏ ਹੋਏ ਹਨ, ਇਹ ਮੋਤੀ ਉਹ 'ਹੰਝੂ'+ ਹਨ, ਜਿਹਨਾਂ ਵਿਚੋਂ ਜ਼ਿੰਦਗੀ ਦੀ ਕਿਰਨ ਪ੍ਰਿਜ਼ਮ ਵਾਂਗ ਗੁਜ਼ਰਦੀ ਹੈ ਤੇ ਉਹ ਸੱਤ-ਰੰਗਾਂ ਵਿੱਚ ਵਟਣ ਦਾ ਰੁਤਬਾ ਹਾਸਿਲ ਕਰ ਲੈਂਦੇ ਹਨ:

*ਤੂੰ ਕੀ ਜਾਣੇਂ*
*ਕਿੰਨਾ ਔਖਾ ਹੁੰਦਾ*
*ਹੰਝੂਆਂ ਭਰੀਆਂ ਅੱਖਾਂ ਨਾਲ ਮੁਸਕਾਉਣਾ*
*ਤੂੰ ਕੀ ਜਾਣੇਂ*
*ਕਿੰਨਾ ਔਖਾ ਹੁੰਦਾ*
*ਟੁੱਟੇ ਸੁਫ਼ਨਿਆਂ ਨੂੰ ਸਾਹਾਂ ਦੀ ਲੜੀ 'ਚ ਪਰੋ ਲੈਣਾ।......*

*ਖ਼ਤ ਭੇਜਦੀ ਹਾਂ ਉਹਨੂੰ ਲਿਖ ਕੇ ਹਵਾ ਦੇ ਪੰਨਿਆ 'ਤੇ*
*ਭਿੰਨੀ ਮਹਿਕ ਨਾਲ ਗੁਫਤਗੂ ਦੀ ਸ਼ੁਰੂਆਤ ਹੋਈ ਏ*
*ਚੰਨ ਦੀਆਂ ਰਿਸ਼ਮਾਂ ਹੱਥ ਸੁਨੇਹੜੇ ਪਹੁੰਚੇ ਨੇ*
*ਸਾਹਾਂ ਨਾਲ ਸਾਹਾਂ ਦੀ ਮੁਲਾਕਾਤ ਹੋਈ ਏ।......*

ਇਸ ਸ਼ਾਇਰੀ ਦੇ ਮੌਸਮਾਂ ਨੂੰ ਮਾਣਦਿਆਂ ਜ਼ਿੰਦਗੀ ਦੇ ਸਾਰੇ ਰੰਗਾਂ ਨਾਲ ਮੁਲਾਕਾਤ ਹੁੰਦੀ ਹੈ। ਹਾਸੇ, ਹੰਝੂ ਬਿਖਰੇ ਸੁਫ਼ਨੇ, ਟੁੱਟੀਆਂ ਸੱਧਰਾਂ, ਬਿਰਹਾ ਦੀ ਧੁੱਪ, ਸਬਰ ਦੀ ਛਾਂ, ਸਾਰੇ ਹੀ ਸ਼ਬਦਾਂ ਦਾ ਲਿਬਾਸ ਪਹਿਨ ਕੇ ਇਹਨਾਂ ਨਜ਼ਮਾਂ ਦੀ ਇਬਾਰਤ ਬਣਦੇ ਨੇ। ਫਿਰ ਵੀ ਸ਼ਾਇਰਾ ਨੂੰ ਲੱਗਦਾ ਏ ਕਿ ਉਸਨੇ ਜੋ ਕਹਿਣਾ ਸੀ, ਉਸ ਤੋਂ ਕਿਹਾ ਨਹੀਂ ਗਿਆ। ਉਂਜ ਉਹ ਅਪੂਰਨਤਾ ਦਾ ਅਹਿਸਾਸ, ਇਹ ਨਾ ਮੁਕੰਮਲ ਜਿਹੀ ਪਿਆਸ, ਅਗਲੀ ਕਿਤਾਬ ਦੀ ਨੀਂਹ ਬਣਦੇ ਨੇ, ਵਾਅਦਾ ਬਣਦੇ ਨੇ। ਜਿਸ ਦੀ ਇਹ ਨਜ਼ਮ ਗਵਾਹ ਹੈ:

*ਇਹ ਦਰਦ ਅਵੱਲੇ ਨੇ*
*ਨਾ ਨੈਣਾਂ ਥੀਂ ਵਹਿੰਦੇ ਨੇ*
*ਨਾ ਕਾਗਜ਼ 'ਤੇ ਲਹਿੰਦੇ ਨੇ*
*ਜਿੰਦ ਖੋਰੀ ਜਾਵਣ ਇਹ*
*ਮਨ ਭੋਰੀ ਜਾਵਣ ਇਹ*

ਇਹ ਖੁਰਦੀ ਹੋਈ ਜਿੰਦ, ਇਹ ਭੁਰਦਾ ਹੋਇਆ ਮਨ ਹੀ ਉਹ ਔਥਰੇ ਖੇਤ ਹੁੰਦੇ ਨੇ, ਜਿਹਨਾਂ ਵਿੱਚ ਕਵਿਤਾ ਦੀ ਫ਼ਸਲ ਉੱਗਦੀ ਹੈ ਤੇ ਨਵੀਂ ਫ਼ਸਲ, ਪਹਿਲੀ ਫ਼ਸਲ ਤੋਂ ਕਿਤੇ ਵੱਧ ਭਰਵੀਂ, ਕਿਤੇ ਵੱਧ ਅਮੀਰ ਹੋਇਆ ਕਰਦੀ ਹੈ? ਜਿਹੜੀ ਰੂਹ ਦਾ ਰੱਜ ਵੀ ਬਣਦੀ ਹੈ ਤੇ ਸਾਹਿਤਿਕ ਸੱਥਾਂ ਵਿੱਚ ਵਿਸ਼ੇਸ਼ ਮੁਕਾਮ ਵੀ ਹਾਸਲ ਕਰਦੀ ਹੈ। ਹੱਥਲੀ ਕਿਤਾਬ ਦੇ ਆਖਿਰੀ ਪੰਨੇ 'ਤੇ ਪਹੁੰਚਦਿਆਂ ਉਸ ਸ਼ਾਹਕਾਰ-ਰਚਨਾ ਦੀ ਉਡੀਕ ਹੋਰ ਤਿੱਖੀ ਹੋ ਗਈ ਹੈ। ਫਿਲਹਾਲ 'ਤੂੰ ਕੀ ਜਾਣੇਂ' ਲਈ ਬਹੁਤ ਬਹੁਤ ਮੁਬਾਰਕਾਂ ਤੇ ਜੀਅ ਆਇਆਂ ਨੂੰ!

**ਡਾ. ਗੁਰਮਿੰਦਰ ਸਿੱਧੂ**
# 658, ਫੇਜ਼-3 ਬੀ-1, ਮੋਹਾਲੀ-160059
ਪੰਜਾਬ (ਭਾਰਤ)
ਫੋਨ: 98720-03658

## ਨਿੱਘੀ ਤੇ ਮਿੱਠੀ ਸ਼ਖ਼ਸੀਅਤ ਦਾ ਪਰਛਾਵਾਂ- 'ਤੂੰ ਕੀ ਜਾਣੇਂ'

ਪਰਮ ਸਰਾਂ 'ਤੂੰ ਕੀ ਜਾਣੇਂ' ਕਾਵਿ ਦਾ ਸਮੁੱਚ "ਮੈਂ" ਅਤੇ "ਤੂੰ" ਦੇ ਸੰਵਾਦ ਵਿਚੋਂ ਉਭਰਦਾ ਹੈ। ਬਹੁਤੀਆਂ ਥਾਵਾਂ ਤੇ ਇਹ ਸੰਵਾਦ ਸਿੱਧਾ ਹੈ ਅਤੇ ਕੁੱਝ ਕੁ ਥਾਵਾਂ ਤੇ ਅਸਿੱਧਾ॥ ਇਕ "ਮੈਂ" ਦੇ ਨਿਰਮਲ ਮਨ ਦੁਆਰਾ ਪ੍ਰਾਪਤ ਕੀਤੀ ਤੂੰ ਦੀ ਜਾਦੂਈ ਛੋਹ ਦੇ ਨਿਰਛਲ ਅਹਿਸਾਸ ਦੀ ਪੇਸ਼ਕਾਰੀ ਉਸ ਦੇ ਕਾਵਿਕ ਪਾਸਾਰਾਂ ਨੂੰ ਮੌਲਿਕ ਅਮੀਰੀ ਬਖਸ਼ਦੀ ਹੈ। ਨਿਰਮਲ "ਮੈਂ" ਦੇ ਆਂਗਣ ਵਿਚ ਅਜਨਬੀ ਤੂੰ ਦਾ ਆਗਮਨ ਉਸ "ਮੈਂ" ਨੂੰ "ਤੂੰ" ਦੇ ਨਿਰਛਲ ਅਹਿਸਾਸ ਨਾਲ ਲਬਰੇਜ ਕਰ ਦਿੰਦਾ ਹੈ। ਇਸ ਦੀ ਉਦਾਹਰਣ ਉਸ ਦੀ ਕਵਿਤਾ ਵਿਚੋਂ ਬਾਖੂਬੀ ਵੇਖੀ ਜਾ ਸਕਦੀ ਹੈ:-

*ਅਜਨਬੀ ਉਹ ਮਹਿਰਮ ਬਣਿਆ*
*ਰੱਬ ਵਰਗਾ ਲੱਗਿਆ*
*ਇਹੀ ਤੰਦ ਫੜੀ ਉਸ ਮੇਰੇ ਮਨ ਦੀ*
*ਉਧੜ ਗਈ ਮੈਂ ਸਾਰੀ ਦੀ ਸਾਰੀ...*
*ਪਲਾਂ 'ਚ ਮੇਰਾ ਰਾਜ਼ ਦਾਰ ਹੋ ਗਿਆ*
*ਉਸ ਬਿਨ ਜੀਣਾ ਮੁਹਾਲ ਹੋ ਗਿਆ...*

ਇਸੇ ਅਹਿਸਾਸ ਵਿਚ ਲਥਪਥ ਹੀ ਉਹ ਕਿਤੇ ਜਾ ਕੇ ਬੋਲ ਉਠਦੀ ਹੈ:

*ਤੇਰੇ ਪਿਆਰ ਦੀ ਇਕ ਸਵਾਤੀ ਬੂੰਦ ਮੈਨੂੰ ਸਿੱਪ ਚ ਮੋਤੀ ਬਣਾ ਦਿੰਦੀ ਏ*
*ਤੇਰੇ ਦੋ ਮਿੱਠੜੇ ਬੋਲ ਮੇਰੇ ਅੰਦਰ ਜੀਣ ਦੀ ਲਾਲਸਾ ਭਰ ਦਿੰਦੇ ਨੇ।*

ਪਰਮ ਦੀ ਕਵਿਤਾ ਵਿਚ ਪੇਸ਼ ਮੁਹੱਬਤ ਹਰ ਕਦਮ ਤੇ ਹੀ ਨਿਰੋਲ ਸਮਰਪਣ ਵਾਲੀ ਮੁਹੱਬਤ ਹੈ। ਇਸੇ ਅਹਿਸਾਸ ਵਿਚ ਗਲਤਾਨ ਹੋਈ ਉਸ ਦੀ ਕਾਵਿਕ ਨਾਇਕਾ ਨੂੰ ਪ੍ਰਤੀਤ ਹੁੰਦਾ ਹੈ ਕਿ:-

*ਪਤਾ ਨਹੀਂ ਤੈਨੂੰ ਕਿਉਂ ਲਗਦਾ ਏ*
*ਕਿ ਸਾਡਾ ਪਿਆਰ ਉਹ ਨਹੀਂ ਰਿਹਾ*
*ਮੈਨੂੰ ਤਾਂ ਹੁਣ ਵੀ ਹਵਾ ਚੋਂ ਤੇਰੀ ਮਹਿਕ ਆ ਜਾਂਦੀ ਏ।*

ਪਰਮ -ਕਾਵਿ ਵਿੱਚ ਮੁਹੱਬਤ ਦੇ ਸਿਖਰ ਵਰਗੀ ਸ਼ਿੱਦਤ ਅਤੇ ਮੁਹੱਬਤ ਦੀ ਗਹਿਰਾਈ ਦੇ ਮੇਚ ਦੇ ਅਹਿਸਾਸ ਥਾਂ ਥਾਂ ਵੇਖਣ ਨੂੰ ਮਿਲਦੇ ਹਨ:

*ਸੱਚ ਜਾਣੀ ਮੈਂ ਤੇਰੀਆਂ ਰਮਜਾਂ ਨੀ ਸਮਝੀ*
*ਕਿ ਤੂੰ ਫਰਜਾਂ ਦੀ ਉਚਾਈ ਤੋਂ ਡਰਦਾ ਏਂ*
*ਜਾਂ ਮੇਰੀ ਚਾਹਤ ਦੀ ਗਹਿਰਾਈ ਤੋਂ ?*

ਇਸ ਤਰ੍ਹਾਂ ਦੇ ਅਹਿਸਾਸ ਉਸ ਗਹਿਰਾਈ ਵਿਚੋਂ ਆਉਣੇ ਸੁਭਾਵਿਕ ਹੀ ਹੁੰਦੇ ਹਨ ਜਿਸ ਗਹਿਰਾਈ ਵਿਚੋਂ ਉਸ ਦੀ ਇਕ ਹੋਰ ਕਵਿਤਾ ਜਨਮਦੀ ਹੈ:

*ਮੈਂ ਤਾਂ ਖੁੱਲੀ ਕਿਤਾਬ ਬਣੀ ਸਾਂ ਤੇਰੇ ਲਈ*

*ਤੂੰ ਹੀ ਮੇਰੇ ਵਰਕੇ ਪਲਟਦਾ ਰਿਹਾ ਬਿਨਾ ਪੜ੍ਹੇ*

ਭਾਵੇਂ ਉਸ ਦੀ ਕਵਿਤਾ ਦੇ ਕਲਾਵੇ ਵਿਚ ਕੁੱਝ ਹੋਰ ਵਖਰੇ ਅਹਿਸਾਸ ਵੀ ਸਪਸ਼ਟ ਵੇਖੇ ਜਾ ਸਕਦੇ ਹਨ ਜਿਥੇ ਉਹ ਕਦੇ ਔਰਤ ਦੇ ਵਜੂਦ ਨੂੰ ਸਮਝਣ ਵਿਚ ਮਸ਼ਰੂਫ ਹੈ ਅਤੇ ਕਦੇ ਮੁਹੱਬਤ ਦੇ ਅਹਿਸਾਸ ਨੂੰ ਉਮਰ ਕੈਦ ਨਾਲ ਤੁਲਨਾ ਕੇ ਵੀ ਵੇਖਣਾ ਸ਼ੁਰੂ ਕਰ ਦਿੰਦੀ ਹੈ ਪਰ ਉਸ ਦੀ ਸੰਵੇਦਨਾ ਦਾ ਮੁਖ ਝੁਕਾਅ ਮੁਹੱਬਤ ਦੀ ਚਰਮ ਸੀਮਾ ਨੂੰ ਚੱਖਣਾ ਹੀ ਹੈ। ਇਸੇ ਚਰਮ ਸੀਮਾ ਨੂੰ ਹੰਢਾਉਣ ਅਤੇ ਅਹਿਸਾਸਣ ਵਲ ਹੀ ਉਸ ਦੀ ਕਾਵਿ-ਨਾਇਕਾ ਰੁਚਿਤ ਹੈ।।

ਔਰਤ ਹੋਣ ਦੇ ਨਾਤੇ ਕਵਿੱਤਰੀ ਔਰਤ ਮਨ ਦੀਆਂ ਸੂਖਮ ਤੰਦਾਂ ਨੂੰ ਬਾਖੂਬੀ ਸਮਝਦੀ ਹੈ ਜਿਸ ਦਾ ਪ੍ਰਮਾਣ ਉਸ ਦੀ ਹਰ ਕਵਿਤਾ ਦੀ ਹਰ ਸਤਰ ਵਿਚੋਂ ਮਿਲਦਾ ਹੈ। ਮੁਹੱਬਤ ਦੇ ਜਜ਼ਬੇ ਨੂੰ ਸ਼ਿੱਦਤ ਨਾਲ ਹੰਢਾਉਣ ਅਤੇ ਅਹਿਸਾਸਣ ਦੀ ਚਰਮ ਸੀਮਾ ਔਰਤ ਦੇ ਹਿੱਸੇ ਹੀ ਆਉਂਦੀ ਹੈ। ਇਸ ਅਹਿਸਾਸ ਦੀ ਇਸੇ ਚਰਮ ਸੀਮਾ ਦਾ ਸ਼ਾਬਦਿਕ ਚਿਤਰਣ ਪਰਮ ਦੀ ਕਵਿਤਾ ਦਾ ਹਾਸਲ ਹੈ।

ਸ਼ਬਦ ਵੀ ਆਖਰ ਸ਼ਖ਼ਸੀਅਤ ਦਾ ਹੀ ਪਰਛਾਂਵਾ ਹੁੰਦੇ ਹਨ। ਪਰਮ ਸਰਾਂ ਨਾਲ ਨਿੱਜੀ ਤੌਰ ਤੇ ਹੋਈ ਗੁਫਤਗੂ ਗਵਾਹ ਹੈ ਕਿ ਉਸ ਦੇ ਨਿੱਘੇ ਮਿੱਠੇ ਅਤੇ ਸੂਖਮ ਕਾਵਿਮਈ ਸ਼ਬਦ ਉਸ ਦੀ ਸਮੁੱਚੀ ਸ਼ਖਸੀਅਤ ਦਾ ਹੀ ਝਲਕਾਰਾ ਹਨ। ਕੁਦਰਤ ਇਸ ਦੀ ਕਲਮ ਨੂੰ ਹੋਰ ਤੌਫੀਕ ਬਖਸ਼ੇਗੀ ਇਹ ਮੇਰਾ ਦਾਅਵਾ ਹੈ ਅਤੇ ਉਮੀਦ ਵੀ...।

**ਡਾ: ਦੀਪਕ ਮਨਮੋਹਨ ਸਿੰਘ,**
ਸੀਨੀਅਰ ਫੈਲੋ , ਪੰਜਾਬੀ ਯੂਨੀਵਰਸਿਟੀ ਪਟਿਆਲਾ ,
ਸਾਬਕਾ ਡਰੈਕਟਰ, ਵਿਸ਼ਵ ਪੰਜਾਬੀ ਸੈਂਟਰ,

# ਆਦਿ-ਕਥਨ

ਆਪਣੀ ਪਲੇਠੀ ਦੀ ਪੁਸਤਕ 'ਤੂੰ ਕੀ ਜਾਣੇ' ਆਪਜੀ ਦੇ ਸਨਮੁਖ ਕਰਕੇ ਬੇਹੱਦ ਖੁਸ਼ ਹਾਂ। ਮੈਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਹੈ। ਮੈਂ ਪੰਜਵੀਂ ਜਮਾਤ 'ਚ ਪੜ੍ਹਦੀ ਸੀ ਜਦੋਂ ਮੈਂ ਆਪਣੀ ਪਹਿਲੀ ਕਵਿਤਾ ਲਿਖੀ ਸੀ 'ਏਕੇ ਦੀ ਬਰਕਤ'॥ ਮੇਰੀ ਖੁਸ਼ੀ ਦੀ ਉਦੋਂ ਹੱਦ ਨਾ ਰਹੀ ਜਦੋਂ ਇਹ ਕਵਿਤਾ ਜੱਗਬਾਣੀ ਅਖਬਾਰ 'ਚ ਛਪ ਗਈ॥ਮੰਮੀ ਡੈਡੀ ਦੋਵੇਂ ਅਧਿਆਪਨ ਦੇ ਖੇਤਰ ਨਾਲ ਜੁੜੇ ਹੋਣ ਕਰਕੇ ਘਰ ਦਾ ਮਾਹੌਲ ਸਿਰਫ ਸਕੂਲੀ ਪੜ੍ਹਾਈ-ਲਿਖਾਈ ਦੀ ਹੀ ਇਜਾਜ਼ਤ ਦਿੰਦਾ ਸੀ। ਸੋ ਉਸ ਤੋਂ ਬਾਅਦ ਕਵਿਤਾ ਲਿਖਣ ਵੱਲ ਧਿਆਨ ਨਹੀਂ ਦੇ ਸਕੀ, ਪਰ ਮੇਰਾ ਕਵਿਤਾ/ਕਹਾਣੀਆਂ ਪੜ੍ਹਣ ਵੱਲ ਰੁਝਾਨ ਦੁੱਗਣਾ ਹੋ ਗਿਆ। ਮੈਂ ਬਹੁਤ ਸਾਰੀਆਂ ਕਿਤਾਬਾਂ ਨੂੰ ਪੜ੍ਹਿਆ ਅਤੇ ਮਾਣਿਆ॥

ਜ਼ਿੰਦਗੀ ਦਾ ਅਗਲਾ ਪੰਧ ਸ਼ੁਰੂ ਹੋਇਆ ਤਾਂ ਇਸਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਕਰਦੇ ਪਤਾ ਹੀ ਨਾ ਲੱਗਿਆ ਕਿ ਕਦੋਂ ਉਮਰ ਦਾ ਅੱਧਾ ਪੰਧ ਮੁਕਾ ਲਿਆ॥ ਜ਼ਿੰਦਗੀ ਦੀਆਂ ਉਲਝਣਾਂ ਸੁਲਝਾਉਂਦੇ ਹੋਏ ਅਚਾਨਕ 'ਫੇਸ ਬੁਕ' ਨਾਲ ਰਾਬਤਾ ਹੋਇਆ। ਫੇਸ ਬੁੱਕ ਮੈਨੂੰ ਸੋਹਣਾ ਪਲੈਟ ਫਾਰਮ ਲੱਗਿਆ.....ਇੱਕ ਦੋ ਕਰਕੇ ਰਚਨਾਵਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ।ਫੇਸ ਬੁੱਕ ਦੇ ਦੋਸਤਾਂ-ਮਿੱਤਰਾਂ ਤੋਂ ਭਰਵਾਂ ਹੁੰਗਾਰਾ ਮਿਲਿਆ ਤੇ ਹੋਰ ਵਧੀਆ ਲਿਖਣ ਦਾ ਹੌਸਲਾ ਪੈਦਾ ਹੋਇਆ!

ਪਹਿਲੀ ਵਾਰੀ ਟੋਰਾਂਟੋ ਦੀਆਂ ਔਰਤਾਂ ਦੀ ਇਕ ਸੰਸਥਾ 'ਦਿਸ਼ਾ' ਦੀ ਇਕ ਮੀਟਿੰਗ ਵਿਚ ਹਾਜ਼ਰੀ ਲਵਾਈ ਅਤੇ ਆਪਣੀਆਂ ਲਿਖੀਆਂ ਦੋ ਕਵਿਤਾਵਾਂ 'ਮੈਂ ਕੀ ਹਾਂ' ਅਤੇ 'ਹੋਰ ਨਹੀਂ' ਸੁਣਾਈਆਂ ਜੋ ਸਭ ਨੇ ਬਹੁਤ ਪਸੰਦ ਕੀਤੀਆਂ। ਇਸੇ ਦੌਰਾਨ ਬਰੈਂਪਟਨ ਦੀ ਬਹੁਤ ਪਿਆਰੀ ਸ਼ਖਸੀਅਤ ਅਤੇ ਭਾਵਪੂਰਤ ਕਵਿੱਤਰੀ ਸੁਰਜੀਤ ਕੌਰ ਜੀ ਨਾਲ ਮੁਲਾਕਾਤ ਹੋਈ ਜਿਹਨਾਂ ਦੀ ਹੱਲਾਸ਼ੇਰੀ ਨੇ ਮੈਨੂੰ ਹੋਰ ਲਿਖਣ ਦਾ ਹੌਸਲਾ ਦਿੱਤਾ॥ ਮੇਰੀ ਕਿਤਾਬ ਦੇ ਛਪਣ ਵਿੱਚ ਉਹਨਾਂ ਦਾ ਬਹੁਤ ਸਹਿਯੋਗ ਰਿਹਾ ਹੈ। ਇਸੇ ਸਮੇਂ ਦੌਰਾਨ 'ਵਰਲਡ ਪੰਜਾਬੀ ਕਾਨਫਰੰਸ 2015 ਟੋਰਾਂਟੋ/ ਬਰੈਂਪਟਨ' ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ ਅਤੇ ਬਹੁਤ ਸਾਰੀਆਂ ਲੇਖਕ ਸ਼ਖ਼ਸੀਅਤਾਂ ਨਾਲ ਮੇਲ ਹੋਇਆ ਅਤੇ ਬਹੁਤ ਕੁਝ ਸਿੱਖਣ ਨੂੰ ਮਿਲਿਆ। ।ਇਹ ਸਫਰ ਅਜੇ ਜਾਰੀ ਹੈ...ਜੋ ਵੀ ਕਿਤਾਬ 'ਚ ਲਿਖਿਆ ਉਸ ਬਾਰੇ ਮੈਂ ਇਹੀ ਕਹਾਂਗੀ .....

*"ਇਹ ਅਲਫਾਜ਼ ਮੇਰੇ ਮਨ ਦੀ ਉਪਜ ਨੇ,*
*ਭਾਵਨਾਵਾਂ ਦੀ ਖਾਦ ਪਾ ਕੇ, ਹਰਫਾਂ ਨਾਲ ਸਿੰਜੇ ਨੇ!*
*ਇਹ ਪਹੁ ਫੁਟਾਲੇ ਦਾ ਚਾਨਣ ਤੇ ਚੜ੍ਹਦੇ ਸੂਰਜ ਦੀ ਲਾਲੀ ਜਿਹੇ,*
*ਕੋਰੇ ਕਾਗਜ਼ ਦੀ ਹਿੱਕ ਤੇ ਉੱਕਰੇ ਨੇ !*
*ਫੁੱਲਾਂ 'ਤੇ ਪਈ ਤਰੇਲ ਜਿਹੇ, ਅੱਖਾਂ ਦੇ ਸਮੁੰਦਰੀਂ ਕਿਰਦੇ ਨੇ,*

*ਇਹ ਬੋਲ ਸਿਰਫ ਬੋਲ ਨਹੀਂ,*
*ਇਹ ਹਿਜਰ - ਵਸਲ ਨੇ ਸਿਰਜੇ ਨੇ !*

'ਤੂੰ ਕੀ ਜਾਣੇ' ਨੂੰ ਤੁਹਾਡੇ ਰੂਬਰੂ ਕਰਦਿਆਂ ਮੈਂ ਦੋ ਮਹਾਨ ਸ਼ਖ਼ਸੀਅਤਾਂ ਡਾ. ਗੁਰਮਿੰਦਰ ਸਿੱਧੂ ਅਤੇ ਡਾ. ਦੀਪਕ ਮਨਮੋਹਨ ਸਿੰਘ ਜੀ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਇਸ ਦਾ ਮੁੱਖ-ਬੰਦ ਲਿਖ ਕੇ ਮੇਰੀ ਕਿਤਾਬ ਨੂੰ ਮਾਣ ਬਖਸ਼ਿਆ ਅਤੇ ਮੈਨੂੰ ਅਥਾਹ ਹੌਸਲਾ ਦਿੱਤਾ, ਮੈਂ ਇਹਨਾਂ ਦੀ ਸਦਾ ਰਿਣੀ ਰਹਾਂਗੀ।

ਮੇਰਾ ਆਦਿ ਕਥਨ ਪੂਰਾ ਨਹੀਂ ਹੋਵੇਗਾ ਮੇਰੇ ਬਹੁਤ ਪਿਆਰੇ ਅੰਕਲ ਜੀ, ਕਲਾ ਦੇ ਧਨੀ ਸ੍ਰੀ ਸ਼ੈਲੀ ਬਲਵਿੰਦਰ ਜੀ ਦਾ ਤਹਿ ਦਿਲੋਂ ਸ਼ੁਕਰਾਨਾ ਕੀਤੇ ਬਗੈਰ, ਜਿਨ੍ਹਾਂ ਨੇ ਮੇਰੀ ਕਿਤਾਬ ਦਾ ਕਵਰ ਪੇਜ ਡਿਜਾਈਨ ਕਰਕੇ ਇਸ ਨੂੰ ਚਾਰ ਚੰਦ ਲਾ ਦਿੱਤੇ। ਮੇਰੀ ਕਵਿਤਾ ਦੀ ਖ਼ੂਬਸੂਰਤੀ 'ਚ ਵਾਧਾ ਕਰਦੀਆਂ ਹੋਈਆਂ ਸ਼ੈਲੀ ਅੰਕਲ ਦੀਆਂ ਦੋ ਹੋਰ ਕਲਾ ਕ੍ਰਿਤੀਆਂ ਵੀ ਸ਼ਾਮਿਲ ਹਨ ਇਸ ਕਿਤਾਬ ਅੰਦਰ।

ਅਖੀਰ ਤੇ ਇੱਕ ਗੱਲ ਜ਼ਰੂਰ ਦੱਸਣੀ ਚਾਹਾਂਗੀ ਕਿ ਜੋ ਮੇਰੀ ਮੰਮੀ ਜੋ ਮੈਨੂੰ ਬਚਪਨ ਵਿੱਚ ਲਿਖਣ ਤੋਂ ਰੋਕਦੇ ਸੀ, ਅੱਜ ਕੱਲ੍ਹ ਮੇਰੀ ਹਰ ਕਵਿਤਾ ਫੋਨ ਕਰਕੇ ਸੁਣਦੇ ਹਨ॥ਜਿਸ ਨਾਲ ਮੇਰਾ ਹੌਸਲਾ ਦੁੱਗਣਾ ਹੋ ਜਾਂਦਾ ਹੈ....ਇਸੇ ਹੌਸਲੇ ਅਤੇ ਹੱਲਾਸ਼ੇਰੀ ਕਰਕੇ ਮੈਂ ਆਪਣੀ ਪਲੇਠੀ ਦੀ ਪੁਸਤਕ ਤੁਹਾਡੇ ਸਨਮੁਖ ਲੈ ਕੇ ਆਈ ਹਾਂ। ਉਮੀਦ ਕਰਦੀ ਹਾਂ ਕਿ ਇਸ ਕਿਤਾਬ ਨੂੰ ਤੁਹਾਡਾ ਬਹੁਮੁੱਲਾ ਹੁੰਗਾਰਾ ਅਤੇ ਭਰਪੂਰ ਪਿਆਰ ਮਿਲੇਗਾ !

**ਸਤਿਕਾਰ ਸਹਿਤ**

**ਪਰਮ ਸਰਾਂ**
ਰਜਿਸਟਰਡ ਮੈਂਟਲ ਹੈਲਥ ਨਰਸ
ਟੋਰਾਂਟੋ, ਕੈਨੇਡਾ
416-357-7474

## ਅਜਨਬੀ

ਅਜਨਬੀ ਉਹ ਮਹਿਰਮ ਬਣਿਆ,
ਰੱਬ ਵਰਗਾ ਲੱਗਿਆ...........

ਇਹੀ ਤੰਦ ਫੜੀ ਉਸ ਮੇਰੇ ਮਨ ਦੀ,
ਉੱਦੜ ਗਈ ਮੈਂ ਸਾਰੀ ਦੀ ਸਾਰੀ.......

ਪਲਾਂ 'ਚ ਮੇਰਾ ਰਾਜ਼ਦਾਰ ਹੋ ਗਿਆ,
ਉਸ ਬਿਨ ਜੀਣਾ ਮੁਹਾਲ ਹੋ ਗਿਆ.........

ਕੋਸਾ ਨਿੱਘ ਮੁਹੱਬਤ ਵਾਲਾ,
ਮੈਨੂੰ ਨਵੀਂ ਨਰੋਈ ਕਰ ਗਿਆ.......

ਜੀਣੇ ਦੀ ਮੈਨੂੰ ਜਾਚ ਸਿਖਾਕੇ,
ਜ਼ਰੇ ਤੋਂ ਆਸਮਾਨ ਕਰ ਗਿਆ।

ਤੇਰੀ ਤੋਰ,
ਤੇਰੇ ਬੋਲ,
ਤੇਰਾ ਹਾਸਾ,
ਤੇਰਾ ਰੋਸਾ,
ਤੇਰੇ ਹਰ ਲਹਿਜੇ ਨਾਲ ਮੁਹੱਬਤ ਹੈ ਮੈਨੂੰ !
ਬੱਸ ਮੈਨੂੰ ਤੇਰੀ ਮੁਹੱਬਤ ਦੇ ਹਾਣ ਦੀ ਹੋ ਜਾਣ ਦੇ !!
ਉਦੋਂ ਤੱਕ ਤੂੰ ਲਹਿਜਾ ਨਾ ਬਦਲੀਂ !!!
****

ਕੁਝ ਸਹਿਕਦੇ ਅਰਮਾਨ,
ਅਤੇ ਕੁਝ ਸੁਲਗਦੇ ਅਹਿਸਾਸ,
ਕਬਰਾਂ ਤੱਕ ਸਾਥ ਨਿਭਾਉਂਦੇ ਨੇ,
ਖੁਸ਼ੀਆਂ ਤਾਂ ਪਲ ਦੀਆਂ ਮਹਿਮਾਨ ਹੁੰਦੀਆਂ ਨੇ,
ਪਰ ਬੜੇ ਵਫ਼ਾਦਾਰ ਹੁੰਦੇ ਨੇ ਇਹ ਦਰਦ,
ਰਾਖ ਹੋਣ ਤੱਕ ਸਾਥ ਨਿਭਾਉਂਦੇ ਨੇ।
****

## ਦੋ ਬੋਲ

ਦੋ ਬੋਲ ਉਧਾਰੇ ਪਿਆਰ ਦੇ,
ਮੰਗਦੀ ਆਂ ਮੈਂ ਹੱਥ ਜੋੜ ਵੇ,
ਚਾਹੇ ਜਿੰਦ ਧਰਾਲਾ ਗਹਿਣੇ,
ਪਰ ਨਾ ਮੇਰਾ ਆਖਾ ਮੋੜ ਵੇ।

ਤੂੰ ਸੁਪਨੇ ਦੇ ਕੇ ਅੱਖੀਆਂ ਨੂੰ,
ਸੋਚਾਂ ਤੇ ਕਬਜਾ ਕਰ ਲਿਆ,
ਤੇਰੇ ਖਿਆਲਾਂ 'ਚ ਸਿਮਟੀ ਰੂਹ ਮੇਰੀ,
ਹੁਣ ਨਾ ਤੂੰ ਮੁਖ ਮੋੜ ਵੇ।

ਤੈਨੂੰ ਵੇਖ ਵੇਖ ਮੈਂ ਜੀਵਾਂ,
ਹਰ ਸਾਹ ਵਿੱਚ ਤੇਰੀ ਯਾਦ ਵੇ,
ਆ ਪਾਈਏ ਬਾਤ ਪਿਆਰਾਂ ਦੀ,
ਮੈਨੂੰ ਹਰ ਪਲ ਤੇਰੀ ਲੋੜ ਵੇ!!

ਕੋਈ ਸ਼ਬਦ, ਕੋਈ ਬੋਲ ਨਹੀਂ ਮੇਰੇ ਕੋਲ ਲਿਖਣ ਲਈ,
ਚੱਲ ਅੱਜ ਤੂੰ ਮੇਰੀ ਖਾਮੋਸ਼ੀ ਨੂੰ ਪੜ੍ਹਕੇ ਵੇਖ।
ਕੋਈ ਕੂਕ ਬਿਰਹੋਂ ਦੀ, ਨਾ ਕੋਈ ਵਸਲ ਦਾ ਸੰਗੀਤ,
ਚੱਲ ਅੱਜ ਤੂੰ ਮੇਰੇ ਸਾਹਾਂ ਨੂੰ ਮਹਿਸੂਸ ਕਰਕੇ ਵੇਖ।
****

ਹਰ ਆਉਂਦੇ ਜਾਂਦੇ ਸਾਹ ਤੈਨੂੰ ਯਾਦ ਕਰਾਂ,
ਮਨ 'ਚ ਵਸਿਆ ਏਂ ਮੇਰੇ ਰੱਬ ਬਣਕੇ!
ਹੱਥਾਂ ਦੀਆਂ ਲੀਕਾਂ 'ਚ ਚਾਹੇ ਨਾਮ ਹੈਨੀਂ ਤੇਰਾ,
ਮੇਰੀ ਜ਼ਿੰਦਗੀ 'ਚ ਆਇਐਂ ਜਿਊਣ ਦਾ ਸਬੱਬ ਬਣਕੇ!
****

## ਸਵਾਤੀ ਬੂੰਦ

ਤੇਰੇ ਪਿਆਰ ਦੀ ਇੱਕ ਸਵਾਤੀ ਬੂੰਦ
ਮੈਨੂੰ ਸਿੱਪ ’ਚ ਮੋਤੀ ਬਣਾ ਦਿੰਦੀ ਏ,
ਤੇਰੇ ਦੋ ਮਿੱਠੜੇ ਬੋਲ
ਮੇਰੇ ਅੰਦਰ ਜੀਣ ਦੀ ਲਾਲਸਾ ਭਰ ਦਿੰਦੇ ਨੇ,
ਤੇਰਾ ਮੋਹ ਭਿੱਜਿਆ ਦਿਲਾਸਾ
ਮੇਰੇ ਖੰਭ ਬਣ ਜਾਂਦਾ ਜ਼ਿੰਦਗੀ ਦੀ ਪਰਵਾਜ਼ ਭਰਨ ਲਈ,
ਤੇਰੇ ਹਾਸੇ ਸ਼ਰਬਤ ਬਣ ਘੁਲਦੇ ਨੇ,
ਮੇਰੇ ਵਜੂਦ ਦੇ ਖਾਰੇ ਸਮੁੰਦਰ ਵਿੱਚ,
ਤੇ ਜਦ ਕਿਤੇ ਤੇਰੀ ਇੱਕ ਛੋਹ ਮਿਲ ਜਾਵੇ,
ਤਾਂ ਅਮਰ ਹੋ ਜਾਵਾਂ ਮੈਂ ਧਰਤੀ ਵਾਂਗ।

ਰਿਸ਼ਤਾ ਦਿਲਾਂ ਦਾ
ਪਹਿਚਾਣ ਸੱਧਰਾਂ ਦੀ,
ਮੇਲ ਰੂਹਾਂ ਦਾ,
ਸਾਂਝ ਧੜਕਨਾਂ ਦੀ,
ਤੇਰੇ ਮੇਰੇ ਰਿਸ਼ਤੇ ਦੀ ਅਟੁੱਟ ਪਰਿਭਾਸ਼ਾ !
****

ਯਾਦ ਏ, ਜਦ ਤੂੰ ਪਹਿਲੀ ਵਾਰ ਮੇਰਾ ਹੱਥ ਫੜ ਰੀਝ ਨਾਲ ਤੱਕਿਆ ਸੀ,
ਉਸੇ ਦਿਨ ਤੋਂ ਮੇਰੇ ਹੱਥਾਂ ਦੀਆਂ ਰੇਖਾਵਾਂ ਨਿੱਖਰ ਗਈਆ।
****

## ਅਹਿਸਾਸ

ਪਤਾ ਨਹੀਂ ਤੈਨੂੰ ਕਿਉਂ ਲੱਗਦਾ ਏ,
ਕਿ ਸਾਡਾ ਪਿਆਰ ਉਹ ਨਹੀਂ ਰਿਹਾ,
ਮੈਨੂੰ ਤਾਂ ਹੁਣ ਵੀ ਹਵਾ 'ਚੋਂ ਤੇਰੀ ਮਹਿਕ ਆ ਜਾਂਦੀ ਏ,
ਮੈਂ ਤਾਂ ਹੁਣ ਵੀ ਆਹਟ ਸੁਣ ਬੂਹਾ ਖੋਲ੍ਹ ਦਿੰਦੀ ਹਾਂ,
ਮੇਰੀ ਤਾਂ ਧੜਕਨ ਹੁਣ ਵੀ ਤੇਜ਼ ਹੋ ਜਾਂਦੀ ਏ,
ਜਦ ਕੋਰੇ ਕਾਗਜ਼ ਤੇ ਤੇਰਾ ਨਾਂ ਉਲੀਕਦੀ ਹਾਂ,
ਅੜਿਆ ਪਿਆਰ ਨਹੀਂ ਬਦਲਿਆ,
ਸ਼ਾਇਦ ਤੇਰੇ ਅਹਿਸਾਸ ਬਦਲ ਗਏ ਨੇ।

ਬੱਦਲਾਂ ਦੀ ਗੜਗੜਾਹਟ,
ਬੇਬੱਸ ਮਨ ਦੀ ਚੀਖ਼,
ਮੋਹਲੇਧਾਰ ਬਾਰਿਸ਼
ਖਾਰਾ ਪਾਣੀ ਵਹਾਉਂਦੇ ਨੈਣ,
ਕਿੰਨਾ ਕੁਝ ਇੱਕੋ ਜਿਹਾ,
ਅੰਦਰ ਤੇ ਬਾਹਰ।
****

ਸੱਚ ਜਾਣੀ ਮੈਂ ਤੇਰੀਆਂ ਰਮਜ਼ਾਂ ਨੀਂ ਸਮਝੀ
ਕਿ ਤੂੰ ਫਰਜ਼ਾਂ ਦੀ ਉਚਾਈ ਤੋਂ ਡਰਦਾ ਏਂ
ਜਾਂ ਮੇਰੀ ਚਾਹਤ ਦੀ ਗਹਿਰਾਈ ਤੋਂ ?
****

## ਮੁਹੱਬਤ

ਲਿਆ ਫੜਾ ਮੈਨੂੰ
ਤੇਰੇ ਦਰਦ ਤੇ ਹੌਂਕੇ
ਮੈਂ ਚੁੰਨੀ ਦੇ ਪੱਲੇ ਨਾਲ ਬੰਨ ਲਵਾਂ.........

ਤੇ ਤੂੰ ਹੱਸਦਾ ਰਹਿ
ਵੱਸਦਾ ਰਹਿ
ਜਿਊਣ ਜੋਗਿਆ.........

ਮੇਰੇ ਸਾਹਾਂ 'ਚ ਵਸਣ ਵਾਲਿਆ,
ਕੁਝ ਨਹੀਂ ਮੰਗਦੀ ਮੈਂ ਬਦਲੇ ਵਿੱਚ
ਬੱਸ ਮੁਹੱਬਤ ਦਿੰਦਾ ਰਹੀਂ.......

ਮੰਨਿਆ ਤੂੰ ਵੱਖ ਹੋ ਰਿਹਾ ਏਂ ਮੈਥੋਂ,
ਪਰ ਇੰਨਾ ਕੁ ਰਹਿਮ ਕਰੀਂ,
ਮੇਰੀਆਂ ਸੋਚਾਂ ਦੇ ਵਿਹੜੇ 'ਚ ਫੇਰਾ ਪਾਉਂਦਾ ਰਹੀਂ,
ਤਾਂ ਜੋ ਮੇਰੇ ਸਾਹ ਵਗਦੇ ਰਹਿਣ,
ਵਾਸਤਾ ਈ ਤੈਨੂੰ ਮੇਰੀ ਦਮ ਤੋੜਦੀ ਮੁਹੱਬਤ ਦਾ!!
****

ਤੂੰ ਸਾਉਣ ਦੇ ਛਰਾਟੇ ਵਾਂਗ ਆਇਆ ਸੈਂ ਮੇਰੀ ਜ਼ਿੰਦਗੀ 'ਚ,
ਤੇ ਤੂਫਾਨ ਵਾਂਗ ਚਲਾ ਗਿਆ,
ਪਰ ਜਾਂਦਾ ਹੋਇਆ ਮੇਰੀ ਰੂਹ, ਮੇਰਾ ਵਜੂਦ,
ਸਭ ਕੁਝ ਆਪਣੇ ਨਾਲ ਵਹਾ ਕੇ ਲੈ ਗਿਆ।
****

## ਚਾਂਦੀ

ਪਤਾ ਤੈਨੂੰ,
ਜਿਹੜੀ ਲੱਪ ਕੁ ਚਾਂਦੀ ਰੰਗੀ
ਖੁਸ਼ੀਆਂ ਦੀ ਧੁੱਪ ਤੂੰ ਮੇਰੇ ਪੱਲੇ ਬੰਨ੍ਹ ਦਿੰਦਾ ਸੀ,
ਉਹੀ ਲੱਪ ਮੈਂ ਜ਼ਿੰਦਗੀ ਦੇ ਹਰ ਕੋਨੇ ਤੇ ਖਿਲਾਰ,
ਨਿੱਘ ਮਾਣਦੀ ਸੀ,
ਜਦ ਦਾ ਤੂੰ ਮੂੰਹ ਫੇਰ ਲਿਆ,
ਹਰ ਕੋਨਾ ਮੇਰੀ ਜ਼ਿੰਦਗੀ ਦਾ ਮੱਸਿਆ ਦੀ ਰਾਤ ਬਣ ਗਿਆ।।

ਖੁੱਲੀ ਕਿਤਾਬ ਸਾਂ,
ਉਸ ਵਰਕਾ ਵਰਕਾ ਕਰ ਪਾੜ ਸੁੱਟੀ,
ਮੁੜ ਜੋੜਨ ਦੀ ਕੋਸ਼ਿਸ਼ ਕੀਤੀ,
ਹਰਫ ਧੁੰਦਲੇ ਤਾਂ ਨਾ ਹੋਏ,
ਪਰ ਬੇਤਰਤੀਬੇ ਹੋ ਗਏ,
ਤੇ ਜ਼ਿੰਦਗੀ ਦਾ ਮਤਲਬ ਬਦਲ ਗਿਆ!
****

ਹਰ ਵੇਲੇ ਤੈਨੂੰ ਮੈਂ ਦੁਆਵਾਂ ਵਿੱਚ ਰੱਖਿਆ,
ਜਾਨ ਤੋਂ ਪਿਆਰਿਆ ਵੇ ਸਾਹਾਂ ਵਿੱਚ ਰੱਖਿਆ,
ਜਾਵੀਂ ਨਾ ਤੂੰ ਦੂਰ, ਤੈਨੂੰ ਸੋਂਹ ਸੱਚੇ ਪਿਆਰ ਦੀ,
ਮੈਂ ਦਿਲ ਤੇਰੇ ਕਦਮਾਂ ਤੇ ਰਾਹਾਂ ਵਿੱਚ ਰੱਖਿਆ।
****

## ਇਹ ਕੌਣ

ਇਹ ਕੌਣ ਏ ਜੋ ਮੇਰੇ ਖਿਆਲ਼ਾਂ ਦੇ ਬੂਹੇ ਤੇ ਦਸਤਕ ਦੇ ਗਿਆ,
ਇਹ ਕੌਣ ਏ ਜੋ ਮੇਰੇ ਮੱਥੇ ਦਮਕਦਾ ਸੂਰਜ ਧਰ ਗਿਆ,
ਇਹ ਕੌਣ ਏ ਜੋ ਮੇਰੇ ਨੈਣਾਂ ਦੀ ਸਰਦਲ ਤੇ ਦੀਪ ਜਲਾ ਗਿਆ,
ਇਹ ਕੌਣ ਏ ਜੋ ਮੇਰੇ ਖੁਸ਼ਕ ਬੁੱਲਾਂ ਤੇ ਮੋਤੀ ਤਰੇਲ ਦਾ ਧਰ ਗਿਆ,
ਇਹ ਕੌਣ ਏ ਜੋ ਮੇਰੇ ਸੁਪਨਿਆਂ ਨੂੰ ਰੰਗੀਨ ਕਰ ਗਿਆ,
ਇਹ ਕੌਣ ਏ ਜੋ ਮੇਰੀ ਚੁੱਪ ਨੂੰ ਸ਼ਰਬਤੀ ਬੋਲ ਦੇ ਗਿਆ,
ਇਹ ਕੌਣ ਏ ਜੋ ਰੁਮਕਦੀ ਪੌਣ ਹੱਥ ਸੁਨੇਹਾ ਘੱਲ ਗਿਆ,
ਇਹ ਕੌਣ ਏ ਜੋ ਮੇਰੀ ਮੁਹੱਬਤ ਨੂੰ ਜਿਉਂਦੀ ਕਰ ਗਿਆ

ਵਸਲਾਂ ਦੇ ਇੱਕ ਪਲ ਖਾਤਰ,
ਉਮਰਾਂ ਦਾ ਹਿਜਰ ਮਨਜ਼ੂਰ ਮੈਨੂੰ,
ਤੂੰ ਹਾਮੀ ਤਾਂ ਭਰ ਮਿਲਣ ਦੀ,
ਮੈਂ ਕੱਚੇ ਤੇ ਤਰ ਆਵਾਂ।
****

ਅੜਿਆ ਰੂਹਾਂ ਦੀ ਸਾਂਝ ਦੀ ਗੱਲ ਕਰਦਾ ਸੈਂ
ਤੂੰ ਤਾਂ ਜਿਸਮ ਦੇ ਨਾਪ ਤੋਲ 'ਚ ਹੀ ਉਲਝ ਗਿਆ,
ਇੱਕ ਵਾਰ ਮੇਰੇ ਆਰ ਪਾਰ ਹੋ ਕੇ ਤਾਂ ਤੱਕਦਾ,
ਮੈਂ ਮੁਹੱਬਤ ਦਾ ਆਬਸ਼ਾਰ ਬਣ, ਤੇਰੇ ਕਦਮਾਂ 'ਚ ਵਹਿ ਜਾਂਦੀ।
****

## ਕਸ਼ਮਕਸ਼

ਤੇਰਾ ਪਿਆਰ ਮੇਰੀ ਚਾਹਤ,
ਤੇਰਾ ਜ਼ਿਹਨ, ਮੇਰਾ ਵਜੂਦ,
ਤੇਰੀ ਮਹਿਕ, ਮੇਰੇ ਸਵਾਸ,
ਤੇਰੀ ਧੜਕਨ, ਮੇਰੀ ਨਬਜ਼,
ਤੇਰੇ ਬੋਲ, ਮੇਰੀ ਆਵਾਜ਼,
ਤੇਰਾ ਦਰਦ, ਮੇਰੇ ਹੰਝੂ,
ਤੇਰੇ ਸੁਪਨੇ, ਮੇਰੇ ਨੈਣੀਂ,
ਤੇਰੇ ਸੁਰ, ਮੇਰੀ ਕਵਿਤਾ,
ਤੇਰਾ ਸਾਥ, ਮੇਰਾ ਅਹਿਸਾਸ
ਉਲਝਣ ਜਿਹੀ, ਕਸ਼ਮਕਸ਼ ਜਿਹੀ,
ਕਿ ਤੂੰ ਮੇਰੇ 'ਚ ਸਮਾ ਗਿਆ ਏਂ ਜਾਂ
ਮੈਂ ਤੇਰੇ 'ਚ ਗੁਆਚ ਗਈ ਹਾਂ।

ਜੇ ਮੈਂ ਨਾ ਯਾਦ ਕਰਾਂ, ਸੋਹਣਾ ਹਾਲ ਵੀ ਨੀਂ ਪੁੱਛਦਾ,
ਦਾਅਵਾ ਉਂਝ ਕਰਦਾ ਸੀ ਸਿਖਰਾਂ ਦੇ ਪਿਆਰ ਦਾ,
ਤਾਂਘ ਸਦਾ ਰਹਿੰਦੀ ਮੈਨੂੰ ਸੱਜਣਾਂ ਦੀ ਦੀਦ ਦੀ,
ਖੈਰ ਕਰੀਂ ਰੱਬਾ, ਤੋੜ ਚੜ੍ਹੇ ਇਕਰਾਰ ਦਾ।
****

ਤੇਰੇ ਹੱਥੋਂ ਇੱਕ ਘੁੱਟ ਪਾਣੀ ਦਾ ਪੀਤਾ ਸੀ,
ਉਸੇ ਦਿਨ ਤੋਂ ਜਨਮਾਂ ਦੀ ਪਿਆਸ ਮਿਟ ਗਈ
****

## ਸਕੂਨ

ਬਹੁਤ ਸਕੂਨ ਦਿੰਦਾ, ਤੇਰੇ ਨਾਲ ਦੋ ਬੋਲ ਸਾਂਝੇ ਕਰਨਾ,
ਤੇਰੀ ਸੁਨਣਾ, ਆਪਣੀ ਕਹਿਣਾ,
ਦੁੱਖ ਸੁੱਖ ਫੋਲਣਾ,
ਇੰਝ ਜਾਪਦਾ ਜਿਉਂ ਤੇਰੇ ਬੋਲ ਮੈਨੂੰ ਕਲਾਵੇ 'ਚ ਭਰ ਲੈਂਦੇ ਨੇ,
ਤੇ ਮੈਂ ਸਾਰੇ ਦਰਦ, ਸਾਰੇ ਹੌਂਕੇ ਤੇਰੀ ਝੋਲੀ 'ਚ ਡੋਲ੍ਹ, ਸੁਰਖ਼ਰੂ ਹੋ ਜਾਂਦੀ ਹਾਂ,
ਤੇਰੇ ਹਾਸੇ ਮੇਰੇ ਕੰਨੀਂ ਪੈਂਦੇ ਨੇ,
ਮੇਰੇ ਹਾਸੇ ਆਪ ਮੁਹਾਰੇ ਖਿੜ ਜਾਂਦੇ ਨੇ,
ਤੂੰ ਮੇਰਾ ਦੁੱਖ ਵੰਡਾ ਲੈਂਨਾ ਏਂ,
ਮੈਂ ਤੇਰੇ ਰੋਸੇ ਵੰਡ ਲੈਂਦੀ ਹਾਂ,
ਮੇਰੀ ਮੁਸਕੁਰਾਹਟ 'ਚ ਤੂੰ ਖ਼ੁਸ਼ੀ ਲੱਭਦਾ ਏਂ,
ਤੇਰੇ ਨੈਣਾਂ 'ਚ ਮੈਂ ਮੁਸਕੁਰਾਹਟ ਲੱਭਦੀ ਹਾਂ,
ਇੰਝ ਹੀ ਦੋਵੇਂ ਗੁਆਚ ਜਾਂਦੇ ਹਾਂ,
ਪਿਆਰ ਦੇ ਅਸਗਾਹ ਸਮੁੰਦਰ ਵਿੱਚ।

ਬੜਾ ਫਰਕ ਏ ਤੇਰੀ ਮੇਰੀ ਮੁਹੱਬਤ ’ਚ,
ਮੈਂ ਸਾਰੇ ਘੋਗੇ ਸਿੱਪੀਆਂ ਸਮੇਟ ਲੈਂਦੀ ਹਾਂ ਬੁੱਕਲ ਵਿੱਚ,
ਤੇ ਤੂੰ ਸਿਰਫ ਮੋਤੀ ਲੱਭਦਾ ਏਂ।
****

ਮਨ ਦੀਆਂ ਤੈਹਾਂ ਅੰਦਰ ਦੱਬੇ ਸਨ,
ਸੈਆਂ ਸਵਾਲ,
ਹਜਾਰਾਂ ਗਿਲੇ,
ਲੱਖਾਂ ਸ਼ਿਕਵੇ,
ਸਭ ਜ਼ੁਬਾਨ ਤੇ ਆਉਣ ਤੋਂ ਮੁਨਕਰ ਹੋ ਗਏ,
ਜਦ ਤੂੰ ਮੈਨੂੰ ਸੀਨੇ ਨਾਲ ਲਾ ਲਿਆ।
****

## ਫਾਸਲਾ

ਕੌਣ ਆਖਦਾ ਕਿ ਆਪਣੇ 'ਚ ਮੀਲਾਂ ਦਾ ਫਾਸਲਾ,
ਕਦੇ ਨੀਲੇ ਆਸਮਾਨ ਦੇ ਥੱਲੇ ਖਲੋ ਕੇ ਤਾਂ ਵੇਖ,
ਉਹੀ ਦੂਧੀਆ ਬੱਦਲ ਦੋਹਾਂ ਨੂੰ ਪ੍ਰੇਰਦੇ ਨੇ,
ਉਡਾਣ ਭਰਨ ਲਈ ,ਕਿਸੇ ਬੇਪਰਵਾਹ ਪਰਵਾਜ਼ ਵਾਂਗ।
ਕਾਲੀ ਰਾਤ ਨੂੰ ਕਦੇ ਛੱਤ ਤੇ ਚੜ੍ਹ ਕੇ ਵੇਖ,
ਉਹੀ ਚੰਦ ਜੋ ਬਾਤਾਂ ਪਾਉਂਦਾ ਮੇਰੇ ਨਾਲ,
ਤੇਰਾ ਵੀ ਹੁੰਗਾਰਾ ਭਰਦਾ, ਜਵਾਬ ਦਿੰਦਾ।
ਉਹੀ ਹਵਾ ਜਿਹੜੀ ਆਉਂਦੀ ਹੈ ਤੇਰੇ ਸਾਹਾਂ ਨੂੰ ਛੋਹਕੇ,
ਆਣ ਲਿਪਟ ਜਾਂਦੀ ਹੈ ਮੇਰੇ ਨਾਲ ਗਲਵਕੜੀ ਪਾ,
ਮੇਰੇ ਕੰਨਾਂ 'ਚ ਤੇਰੇ ਬੋਲ ਘੋਰਦੀ।
ਕਦੇ ਸਾਗਰ ਦੇ ਕਿਨਾਰੇ ਬਹਿਕੇ ਵੇਖ,
ਉਹੀ ਪਾਣੀ ਜੋ ਤੇਰੇ ਪੈਰ ਛੂਹ ਕੇ ਜਾਂਦਾ,
ਲਹਿਰ ਬਣਕੇ ਮੈਨੂੰ ਆਪਣੇ ਕਲਾਵੇ 'ਚ ਭਰ ਲੈਂਦਾ ਦੂਜੇ ਕਿਨਾਰੇ ਤੇ।
ਬਹੁਤ ਨੇੜਤਾ ਹੈ, ਅਹਿਸਾਸ ਕਰਕੇ ਵੇਖ,
ਹਾਂ ਪਰ ਇੱਕ ਦੂੱਜੇ ਦੀ ਛੋਹ ਤੋਂ ਪਰੇ,
ਫ਼ੇਰ ਵੀ ਬਹੁਤ ਕਰੀਬ, ਧਰਤੀ ਤੇ ਅੰਬਰ ਵਾਂਗ।

ਉਹ ਕਹਿੰਦਾ
ਪਿਆਰ ਤਾਂ ਰੂਹਾਨੀ ਏ,
ਪਰ ਜਿਸਮ ਤੋਂ ਪਾਰ ਹੋਕੇ ਜਾਣਾ ਪੈਣਾ,
ਤੇ ਉਹ ਅੰਗਾਂ ਤੱਕ ਹੀ ਸਿਮਟ ਕੇ ਰਹਿ ਗਿਆ,
ਮੈਂ ਛਲਣੀ ਹੋ ਰੂਹ ਤੱਕ ਤੜਪ ਗਈ।
****

ਮੈਂ ਤੇਰੀ ਖਾਤਿਰ ਜ਼ਿੰਦਗੀ ਦੀ ਹਰ ਬਾਜੀ ਹਾਰ ਦਿਆਂ,
ਤੂੰ ਖੁਸ਼ ਰਹਿ ਸੱਜਣਾ, ਤੇਰੇ ਤੋਂ ਹਰ ਹਾਸਾ ਵਾਰ ਦਿਆਂ,
ਬੱਸ ਇੱਕੋ ਅਰਜ਼ੋਈ ਤੇਰੇ ਤਾਈਂ, ਹੱਥ ਜੋੜ ਕੇ ਕਹਿੰਨੀ ਆਂ,
ਮੈਨੂੰ ਮੁਹੱਬਤ 'ਚ ਨਾ ਹਾਰਨ ਦੇਈਂ,
ਮੈਂ ਤੇਰੇ ਸਾਹਾਂ 'ਚ ਸਾਹ ਲੈਨੀਂ ਆਂ!
****

## ਚਾਹਤ

ਰੁਸਾ ਲੈ ਭਾਵੇਂ ਮਨਾ ਲੈ,
ਤੈਨੂੰ ਰੱਬ ਵਾਂਗਣ ਅਪਣਾਇਆ,
ਚਾਹਤ ਇਹ ਇੰਝ ਹੀ ਰਹਿਣੀ,
ਜਦ ਤੱਕ ਵਗਦੇ ਮੇਰੇ ਸਾਹ ਸੱਜਣਾ...!!

ਰੁਆ ਲੈ ਭਾਵੇਂ ਹਸਾ ਲੈ,
ਤੈਨੂੰ ਸ਼ਿੱਦਤ ਨਾਲ ਮੈਂ ਚਾਹਿਆ,
ਤੂੰ ਇੱਕ ਵਾਰ ਗਲ ਨਾਲ ਲਾ ਲੈ,
ਫਿਰ ਲੱਖ ਵਾਰੀ ਠੁਕਰਾ ਸੱਜਣਾ....!!

ਕਿਸੇ ਕੋਨੇ ਵੀ ਉਹ ਮਿਲਦਾ ਨਹੀਂ
ਜੋ ਸਕੂਨ ਤੇਰੀਆਂ ਬਾਹਵਾਂ 'ਚ ਏ
ਕੀ ਕਰਨੇ ਮਹਿਲ ਮੁਨਾਰੇ ਮੈਂ,
ਮੇਰੀ ਮੰਜ਼ਿਲ ਤੇਰੀਆਂ ਰਾਹਵਾਂ 'ਚ ਏ।
****

ਹਰ ਦੁਆ 'ਚ ਤੈਨੂੰ ਮੰਗਿਆ,
ਤੇਰੇ ਰੰਗ 'ਚ ਖੁਦ ਨੂੰ ਰੰਗਿਆ,
ਤੂੰ ਸਾਗਰ ਮੇਰੀ ਮੁਹੱਬਤ ਦਾ ਏਂ,
ਮੈਂ ਕਤਰਾ ਕਤਰਾ ਤੇਰੇ ਅੰਦਰ ਸਮਾ ਜਾਣਾ,
ਮੇਰਾ ਵਜੂਦ ਕੋਈ ਨਾ ਰਹਿਣਾ,
ਖੁਦ ਨੂੰ ਗੁਆ ਕੇ ਮੈਂ ਤੈਨੂੰ ਪਾ ਜਾਣਾ।
****

## ਜ਼ੰਨਤ

ਸਾਉਣ ਮਹੀਨਾ,
ਤੇਰਾ ਮੇਰਾ ਮਿਲਣਾ,
ਜਿਉਂ ਧਰਤੀ ਅੰਬਰ ਦਾ ਇੱਕ ਹੋ ਜਾਣਾ,
ਸਾਹਾਂ ਦਾ ਸਾਹਾਂ 'ਚ ਰਲ ਜਾਣਾ,
ਧੜਕਨਾਂ ਦਾ ਇੱਕ ਸੁਰ ਹੋ ਜਾਣਾ,
ਗਲਵਕੜੀ 'ਚ ਘੁਲ ਮਿਲ ਜਾਣਾ,
ਮੋਹ ਦੇ ਸਾਗਰ 'ਚ ਡੁੱਬ ਜਾਣਾ,
ਰੂਹਾਂ ਦਾ ਅਨਹਦ ਤਰੰਗਾਂ ਨਾਲ ਲਿਪਟ ਜਾਣਾ,
ਇਹੋ ਹੀ ਤਾਂ ਹੁੰਦਾ,
ਜ਼ੰਨਤ ਦਾ ਵਾਸਾ।

ਤੇਰੀ ਚੁੱਪ 'ਚ ਸ਼ੋਰ ਮੁਹੱਬਤ ਦਾ,
ਹਰ ਹਰਫ਼ 'ਚ ਪੀੜ ਵਿਛੋੜੇ ਦੀ,
ਪਰ ਭੇਤ ਪਾਉਣ ਲਈ ਇਸ਼ਕੇ ਦਾ,
ਹਰ ਸਾਹ ਨੂੰ ਸਿਸਕਣਾ ਪੈਣਾ ਏ !
****

ਪਿਆਰ 'ਚ ਕਿਹੜੀਆਂ ਬੰਦਿਸ਼ਾਂ ਸੱਜਣ ਜੀ,
ਨਾ ਰੱਖੋ ਕੋਈ ਰੰਜਿਸ਼ਾਂ ਸੱਜਣ ਜੀ,
ਜ਼ਿੰਦਗੀ ਚਾਰ ਦਿਨਾਂ ਦਾ ਮੇਲਾ,
ਤੇਰੀਆਂ ਪੈੜਾਂ ਹੀ ਮੇਰੀਆਂ ਮੰਜ਼ਿਲਾਂ ਸੱਜਣ ਜੀ !
****

## ਤੇਰਾ ਮੇਰਾ

ਸੋਚ ਮੇਰੀ, ਖਿਆਲ ਤੇਰਾ,
ਨੀਂਦ ਮੇਰੀ, ਖ਼ੁਆਬ ਤੇਰਾ,
ਸਵਾਲ ਮੇਰਾ, ਜਵਾਬ ਤੇਰਾ,
ਦਿਲ ਮੇਰਾ, ਦਰਦ ਤੇਰਾ,
ਬਾਤ ਮੇਰੀ, ਹੁੰਗਾਰਾ ਤੇਰਾ
ਸਾਹ ਮੇਰੇ,ਅਹਿਸਾਸ ਤੇਰਾ,
ਸਿਜਦਾ ਮੇਰਾ, ਇਸ਼ਕ ਤੇਰਾ
ਫੇਰ ਕਿਵੇਂ ਤੂੰ ਕਹਿ ਸਕਦਾਂ
ਕਿ ਕੋਈ ਰਿਸ਼ਤਾ ਨਹੀਂ ਤੇਰਾ ਮੇਰਾ।

ਤੇਰੇ ਬਿਨਾਂ ਇਸ ਦੁਨੀਆਂ ਦੀ  ਹਰ ਮਹਿਫਿਲ ਸੁੰਨੀ ਲੱਗਦੀ ਏ,
ਤੇਰੀ ਬੇਪਰਵਾਹੀ, ਸੱਚ ਜਾਣੀਂ ਵਾਂਗ ਤੀਰ ਕਲੇਜੇ ਲੱਗਦੀ ਏ
****

ਜੇ ਮੇਰੇ ਨਾਲ ਵਾਸਤਾ ਨਹੀਂ ਰੱਖਣਾ,
ਤਾਂ ਮੇਰੇ 'ਤੇ ਨਜ਼ਰ ਵੀ ਨਾ ਰੱਖ!
ਕਿਸ ਹਾਲ 'ਚ ਜੀਵਾਂ ਤੇਰੇ ਬਿਨਾਂ,
ਇਹ ਖਬਰ ਵੀ ਨਾ ਰੱਖ!
****

# ਕਦੇ ਕਦੇ ਜੀਅ ਕਰਦਾ

ਕਦੇ ਕਦੇ ਜੀਅ ਕਰਦਾ,
ਬੱਦਲੀ ਵਾਂਗਰ ਉੱਡ ਪੁੱਡ ਜਾਵਾਂ,
ਕਿਸੇ ਬੰਜਰ ਟੁਕੜੇ ਤੇ ਵਰ੍ਹ ਜਾਵਾਂ।

ਕਦੇ ਕਦੇ ਜੀਅ ਕਰਦਾ,
ਮੱਸਿਆ ਦੀ ਕਾਲੀ ਰਾਤ 'ਚ ਖੋ ਜਾਵਾਂ,
ਜੁਗਨੂੰ ਬਣਕੇ ਟਿਮ-ਟਿਮਾਵਾਂ।

ਕਦੇ ਕਦੇ ਜੀਅ ਕਰਦਾ,
ਸਾਗਰ ਦੀ ਗੋਦ 'ਚ ਸਮਾ ਜਾਵਾਂ,
ਲਹਿਰਾਂ ਦਾ ਭੇਦ ਪਾ ਜਾਵਾਂ।

ਕਦੇ ਕਦੇ ਜੀਅ ਕਰਦਾ,
ਬਾਵਰੀ ਹਵਾ ਬਣ ਜਾਵਾਂ,
ਮਹਿਕ ਬਣ ਸੱਜਣ ਦੇ ਸਾਹਾਂ 'ਚ ਵਸ ਜਾਵਾਂ।

ਰੁਮਕਦੀ ਪੌਣ ਵਿਚਲੀ ਖੁਸ਼ਬੋਈ,
ਇੰਞ ਲੱਗਿਆ ਟੋਹ ਗਈ ਮੈਨੂੰ,
ਤੇਰਾ ਸੁਨੇਹੜਾ ਦੇ ਗਈ,
ਧੁਰ ਅੰਦਰ ਤੱਕ ਛੋਹ ਗਈ ਮੈਨੂੰ !
****

ਦਰਦ ਦੇ ਕੇ ਖੁਸ਼ ਰਹਿਣ ਦੀ ਦੁਆ ਦੇਣ ਵਾਲਿਆ ਸੱਜਣਾ,
ਰੱਬ ਕਰੇ ਤੇਰੇ ਦਰਦ ਵੀ ਮੇਰੀ ਝੋਲੀ ਪੈ ਜਾਣ!
****

## ਕਣੀਆਂ

ਅੱਧੀ ਰਾਤ,
ਕਣੀਆਂ ਦੀ ਕਿਣ ਮਿਣ,
ਖਿੜਕੀ ’ਤੇ ਟਿੱਪ ਟਿੱਪ ਦਾ ਸ਼ੋਰ,
ਬਹੁਤ ਚੰਗਾ ਲੱਗਦਾ ਕੰਨਾਂ ਨੂੰ,
ਹੁਲਾਸ ਜਿਹਾ ਦਿੰਦਾ ਮਨ ਨੂੰ।
ਪਰ ਫ਼ੇਰ ਡਰ ਜਾਂਦੀ ਹਾਂ,
ਕਾਲੀ ਰਾਤ ਦੇ ਨੈਣੋਂ ਡੁੱਲਦਾ ਨੀਰ,
ਕਿਸੇ ਬਿਰਹਨ ਵਾਂਗ ਕੁਰਲਾਉਂਦੀਆਂ ਬੂੰਦਾਂ,
ਮੋਹਲੇ ਧਾਰ ਹੰਝੂਆਂ ਦਾ ਹੜ੍ਹ।
ਕਾਸ਼ ਵਹਾਕੇ ਲੈ ਜਾਵੇ ਹਰ ਸਿਸਕੀ ਨੂੰ,
ਕਿਤੇ ਠੱਲ੍ਹ ਪੈ ਜਾਵੇ,
ਹਿਜਰ ਦੇ ਵੇਗ ਨੂੰ,
ਤੇ ਕਣੀਆਂ ਦੀ ਕਿਣ ਮਿਣ,
ਬਣ ਜਾਵੇ ਕੋਈ ਵਸਲ ਦਾ ਸੰਗੀਤ।

ਤੇਰੀ ਬੇਰੁਖੀ ਦਾ ਕਫਨ ਪਵਾ ਕੇ,
ਮੈਂ ਮੁਹੱਬਤ ਨੂੰ ਅੰਦਰੇ ਦਫਨਾ ਲਿਆ,
ਤੇਰੀ ਬੇਵਫਾਈ ਦੀ ਕਬਰ ਤੇ,
ਹੰਝੂਆਂ ਦਾ ਦੀਪ ਜਲਾ ਲਿਆ।
****

ਜਾਹ ਬੇਕਦਰਾ ਤੈਨੂੰ ਮਾਫ ਕੀਤਾ,
ਮੇਰੇ ਮਨ ਨੂੰ ਕਬਰ ਬਣਾ ਗਿਆ ਏਂ,
ਜਿੰਦ ਲੋਥ ਬਣੀ ਅਜੇ ਸਿਸਕਦੀ ਏ,
ਰੂਹ ਪਿਆਸੀ ਨੂੰ ਤੜਪਾ ਗਿਆ ਏਂ।
****

## ਕਮਜ਼ੋਰ ਦਿਲ

ਇੰਝ ਲੱਗਿਆ ਸੀ ਕਿ,
ਉਹ ਜਾਣ ਗਿਆ ਮੈਨੂੰ,
ਰੂਹ ਮੇਰੀ ਨੂੰ ਛੂਹ ਜੋ ਗਿਆ ਸੀ,
ਰਾਜ਼ਦਾਰ ਬਣ ਗਿਆ ਸੀ,
ਮੇਰੇ ਦਿਲ ਦੀਆਂ ਜਾਣ ਗਿਆ ਸੀ,
ਪਰ ਵਹਿਮ ਸੀ ਮੇਰਾ,
ਜੇ ਜਾਣਦਾ ਹੁੰਦਾ ਤਾਂ ਇੰਝ ਛੱਡ ਕੇ ਨਾ ਜਾਂਦਾ,
ਦੱਸਿਆ ਸੀ ਬਹੁਤ ਵਾਰੀ ਕਿ,
ਦਿਲ ਕਮਜ਼ੋਰ ਏ ਮੇਰਾ।

ਹੁਣ ਜਦ ਤੈਨੂੰ ਪਰਵਾਹ ਨਹੀਂ ਮੇਰੀ,
ਲਿਆ ਮੇਰੀਆਂ ਯਾਦਾਂ ਮੋੜਦੇ,
ਮੈਂ ਕਿਧਰੇ ਦਫਨਾ ਆਵਾਂ,
ਕਿਤੇ ਫੇਰ ਤੈਨੂੰ ਮੇਰਾ ਖਿਆਲ ਨਾ ਆ ਜਾਏ।
****

ਤੂੰ ਭੁੱਲ ਜਾਣਾ ਮੈਨੂੰ, ਬੀਤੇ ਕੱਲ ਵਾਂਗਰਾਂ,
ਤੈਨੂੰ ਖਿਆਲ ਵੀ ਨੀਂ ਆਉਣਾ,
ਮੈਂ ਤਪਦੀ ਹੀ ਰਹਿਣਾ ਤੱਤੇ ਥਲ ਵਾਂਗਰਾਂ,
ਤੈਨੂੰ ਯਾਦ ਵੀ ਨੀਂ ਆਉਣਾ।
****

## ਗਹਿਰਾਈ

ਉਸਦੀਆਂ ਅੱਖਾਂ ਦੀ ਗਹਿਰਾਈ 'ਚ ਛਿਪੇ
ਕਈ ਅਧੂਰੇ ਖਾਬ ਲੱਗਦੇ ਨੇ,
ਕੁਝ ਮਾਸੂਮੀਅਤ ਲੱਗਦੀ ਏ,
ਕੁਝ ਸੈਲਾਬ ਲੱਗਦੇ ਨੇ।
ਉਸਦੇ ਬੁੱਲਾਂ ਤੇ ਖਿਲਰੀ ਮੁਸਕਾਨ ਦੱਸਦੀ ਏ,
ਇਹਨਾਂ 'ਚ ਕਈ ਅਣਕਹੇ ਅਫਸਾਨੇ ਤੇ ਰਾਜ਼ ਲੱਗਦੇ ਨੇ,
ਉਸਦੀ ਸੂਰਤ ਮਨਮੋਹਣੀ ਏ,
ਤੇ ਸੀਰਤ ਵੀ ਪਿਆਰੀ ਏ,
ਉਸਦੇ ਮਨ ਅੰਦਰ ਵਸੇ ਕਈ
ਰਾਵੀ ਤੇ ਚਨਾਬ ਲੱਗਦੇ ਨੇ।

ਕੀ ਮਿਲਿਆ ਮੇਰੀਆਂ ਸੱਧਰਾਂ ਨਾਲ ਖਿਲਵਾੜ ਕਰਕੇ,
ਮੈਂ ਹਾਸੇ ਵੀ ਗਵਾਏ ਤੈਨੂੰ ਪਿਆਰ ਕਰਕੇ,
ਤੂੰ ਕਦਰ ਨਾ ਪਾਈ ਮੇਰੇ ਸੱਚੇ ਪਿਆਰ ਦੀ,
ਮੈਂ ਹਿਜਰ ਹੰਢਾਏ ਤੈਨੂੰ ਪਿਆਰ ਕਰਕੇ।
****

ਬੜੀ ਸਫਾਈ ਨਾਲ ਕੀਤਾ ਘਾਤ ਉਸ ਮੇਰੇ ਵਿਸ਼ਵਾਸ ਦਾ,
ਆਵਾਜ਼ ਵੀ ਨਾ ਆਈ ਤੇ ਚੂਰ ਵੀ ਹੋ ਗਿਆ।
ਬੜੀ ਬਾਖੂਬੀ ਨਾਲ ਕੀਤਾ ਮਨਫੀ ਮੈਨੂੰ ਉਸ ਆਪਣੀ ਜ਼ਿੰਦਗੀ 'ਚੋਂ,
ਸ਼ਿਕਵਾ ਵੀ ਨਾ ਕਰਨ ਦਿੱਤਾ ਤੇ ਦੂਰ ਵੀ ਹੋ ਗਿਆ।
****

## ਸਫਰ

ਪੈਦਲ ਚਲਦੇ ਚਲਦੇ,
ਸਾਈਕਲ ਤੱਕ,
ਸਾਈਕਲ ਤੋਂ ਸਕੂਟਰ ਤੱਕ,
ਸਕੂਟਰ ਤੋਂ ਕਾਰ,
ਅਤੇ ਕਾਰ ਤੋਂ ਹਵਾਈ ਜਹਾਜ਼ ਤੱਕ ਦਾ ਸਫਰ,
ਇੰਨਾ ਲੰਬਾ ਜ਼ਿੰਦਗੀ ਦਾ ਪੈਂਡਾ ਤਹਿ ਕਰ ਲਿਆ,
ਪਰ ਅੱਜ ਵੀ ਯਾਦ ਹੈ ਉਹ ਸਾਂਵਲੇ ਜਿਹੇ ਰੰਗ ਵਾਲੀ ਕੁੜੀ,
ਮੋਢੇ ਬਗਲੀ, ਤੇੜ ਪਾਟੇ ਕੱਪੜੇ,
ਕਾਗਜ਼ ਚੁਗਦੀ ਫਿਰਦੀ।
ਅੱਜ ਵੀ ਯਾਦ ਹੈ ਬੱਸ ਅੱਡੇ ਕੋਲੇ ਝੁੱਗੀਆਂ,
ਤੇ ਉਹਨਾਂ 'ਚ ਰੁਲਦਾ ਅਨਮੋਲ ਬਚਪਨ।
ਅੱਜ ਵੀ ਯਾਦ ਹੈ ਗੋਦੀ 'ਚ ਬਾਲ ਲੈ ਰੋੜੀ ਕੁੱਟਦੀ ਮਾਂ,
ਤੇ ਬਿਟਰ ਬਿਟਰ ਮਾਂ ਦੇ ਮੂੰਹ ਵੱਲ ਤੱਕਦਾ ਮਾਸੂਮ ਲਾਲ।
ਅੱਜ ਵੀ ਯਾਦ ਹੈ ਹੁਣੇ ਹੁਣੇ ਪੈਰਾਂ ਤੇ ਖੜ੍ਹਨਾ ਸਿੱਖਿਆ ਬੱਚਾ,
ਤੇ ਉਹਦਾ ਰੋਟੀ ਮੰਗਣ ਲਈ ਅੱਡਿਆ ਹੱਥ।
ਸਭ ਕੁਝ ਜਿਉਂ ਦਾ ਤਿਉਂ ਹੀ ਹੈ ਅੱਜ ਵੀ,
ਕੁਝ ਵੀ ਨਹੀਂ ਬਦਲਿਆ।
ਇਹ ਸੋਚ ਕੇ ਮੈਨੂੰ ਬੇਅਰਥ ਜਿਹਾ ਲੱਗਦਾ,
ਮੇਰਾ ਪੈਦਲ ਤੋਂ ਹਵਾਈ ਜਹਾਜ਼ ਤੱਕ ਦਾ ਸਫਰ।

ਚੱਲ ਆ, ਅੱਜ ਇੱਕ ਪਾਸਾ ਕਰ ਲਈਏ,
ਗੱਲ ਮੁਕਾ ਲਈਏ, ਹਿੱਸੇ ਵੰਡ ਲਈਏ,
ਵੰਡੀਆਂ ਪਾ ਲਈਏ, ਬਟਵਾਰਾ ਕਰ ਲਈਏ,
ਤੂੰ ਸਿਰਫ ਮੇਰਾ,
ਤੇ ਬਾਕੀ ਸਭ ਕੁਝ ਤੇਰਾ।
****

ਜੇ ਮੈਨੂੰ ਨੇੜਿਓਂ ਤੱਕਣ ਦੀ ਰੀਝ ਰੱਖਦਾ ਏਂ,
ਤਾਂ ਦਿਲ ਵੀ ਕਰੜਾ ਰੱਖੀਂ,
ਬਹੁਤ ਸਾਰੇ ਅਣਦਿਸਦੇ ਜ਼ਖਮਾਂ ਦੇ ਨਿਸ਼ਾਨ ਨਜ਼ਰ ਆਉਣਗੇ।
****

# ਉਮਰ ਕੈਦ

ਮੈਨੂੰ ਉਮਰ ਕੈਦ ਹੋਈ,
ਉਹ ਵੀ ਬਾ-ਮੁਸ਼ੱਕਤ,
ਮੇਰਾ ਗੁਨਾਹ ਇਹੋ ਸੀ,
ਸਰਹੱਦ ਤੋਂ ਪਾਰ ਤੱਕਣ ਦਾ,
ਦਹਿਲੀਜੋਂ ਬਾਹਰ ਟੱਪਣ ਦਾ,
ਉੱਡਣ ਦੀ ਰੀਝ ਰੱਖਣ ਦਾ।

ਤੇਰੀ ਕਮੀ ਨਾਲ ਮੇਰਾ ਮਨ ਉਦਾਸ ਹੈ,
ਦਿਲ 'ਚ ਗਹਿਰੇ ਦਰਦ ਦਾ ਅਹਿਸਾਸ ਹੈ,
ਮੈਨੂੰ ਅਜੇ ਵੀ ਤੇਰੇ ਮਿਲਣ ਦੀ ਆਸ ਹੈ,
ਲੱਗਦਾ ਤੂੰ ਮੇਰੇ ਵਜੂਦ ਦਾ ਇੱਕ ਹਿੱਸਾ ਖਾਸ ਹੈਂ
****

ਕਿਸੇ ਦਾ ਦਿਲ ਦੁਖਾ ਕੇ ਚੰਗਾ ਬਣਿਆ ਤਾਂ ਕੀ ਬਣਿਆ,
ਕਿਸੇ ਨੂੰ ਰੁਆਕੇ ਚੰਗਾ ਬਣਿਆ ਤਾਂ ਕੀ ਬਣਿਆ,
ਕਿਸੇ ਝੋਲੀ ਗਮ ਪਾਕੇ ਚੰਗਾ ਬਣਿਆ ਤਾਂ ਕੀ ਬਣਿਆ,
ਕਿਸੇ ਪੱਲੇ ਹਾਵਾਂ ਪਾ ਕੇ ਚੰਗਾ ਬਣਿਆ ਤਾਂ ਕੀ ਬਣਿਆ।
****

# ਵਿਸਮਾਦ

ਤੇਰਾ ਇਸ਼ਕ,
ਜਿਉਂ ਕਣੀਆਂ ਦੀ ਫ਼ੁਹਾਰ ਦਾ ਚਿਹਰੇ ਨੂੰ ਛੋਹ ਜਾਣਾ,
ਤੇਰੀ ਮੁਹੱਬਤ,
ਜਿਉਂ ਠੰਡੀ ਠੰਡੀ ਹਵਾ ਦਾ ਸਾਹਾਂ 'ਚ ਘੁਲ ਜਾਣਾ,
ਤੇਰਾ ਪਿਆਰ,
ਜਿਉਂ ਕਾਲੀ ਰਾਤ ਦੇ ਨ੍ਹੇਰੇ 'ਚ ਚਾਨਣੀ ਦੀ ਛਿੱਟ ਦਾ ਬਿਖਰ ਜਾਣਾ,
ਤੇ ਮੇਰਾ ਵਿਸਮਾਦ ਦੀਆਂ ਅਨਹਦ ਤਰੰਗਾਂ 'ਚ ਖੋਅ ਜਾਣਾ।

ਇੱਕੋ ਫਰਿਆਦ ਉਸ ਅੱਲ੍ਹਾ ਨਿਗ੍ਹੇ ਬਾਨ ਅੱਗੇ,
ਹਰ ਪਲ ਤੇਰੇ ਲਈ ਖੁਸ਼ੀਆਂ ਦਾ ਪੈਗਾਮ ਹੋਵੇ,
ਤੂੰ ਹੋਵੇਂ ਅੱਖਾਂ ਸਾਹਵੇਂ ਜਦੋਂ ਸਵੇਰ ਹੋਵੇ,
ਤੇਰੀਆਂ ਬਾਹਾਂ 'ਚ ਮੇਰੀ ਜ਼ਿੰਦਗੀ ਦੀ ਸ਼ਾਮ ਹੋਵੇ।
****

ਰੂਹ ਦੇ ਪਿਆਰ ਨੂੰ ਜਿਸਮਾਂ ਦੀ ਲੋੜ ਨਹੀਂ ਹੁੰਦੀ,
ਇਹ ਤਾਂ ਉਹ ਤਰੰਗਾਂ ਨੇ, ਜੋ ਸਾਹਾਂ ਥੀਂ ਹਵਾ 'ਚ ਘੁਲ,
ਮਹਿਬੂਬ ਤਾਈਂ ਸੁਨੇਹਾ ਪਹੁੰਚਾਉਂਦੀਆਂ ਨੇ !
****

## ਦਾਸਤਾਨ

ਅੱਜ ਪਹਿਲਾਂ ਚਾਂਦੀ ਰੰਗੀ ਧੁੱਪ ਪੱਸਰੀ,
ਜਿਉਂ ਜ਼ਿੰਦਗੀ ਪਰਤ ਆਈ ਚਾਰ ਚੁਫੇਰੇ,
ਫੇਰ ਹੌਲੀ-ਹੌਲੀ ਕੱਜ ਲਿਆ ਸੂਰਜ,
ਕਾਲੀਆਂ ਬੱਦਲੀ ਘਟਾਵਾਂ ਨੇ,
ਤੇ ਹੋ ਗਿਆ ਉਦਾਸ ਜਿਹਾ ਆਲਮ,
ਕੁਝ ਕੁ ਪਲਾਂ 'ਚ ਹੀ ਇਉਂ,
ਮੇਰੀ ਦਾਸਤਾਨ ਬਿਆਨ ਕਰ ਗਿਆ ਮੌਸਮ,
ਇੰਝ ਹੀ ਤਾਂ ਹੋਇਆ ਮੇਰੀ ਜ਼ਿੰਦਗੀ 'ਚ ਵੀ,
ਤੇਰੇ ਆਉਣ ਤੇ ਫਿਰ ਤੇਰੇ ਛੱਡ ਜਾਣ ਨਾਲ।

ਕੁਝ ਸੁਪਨੇ
ਮਨ ਅੰਦਰ ਵਲਵਲੇ ਬਣ ਉਠਦੇ ਨੇ,
ਦਿਲ 'ਚ ਚੀਸ ਬਣ ਉਭਰਦੇ ਨੇ,
ਅੱਖਾਂ ਦੇ ਕੋਇਆਂ ਤੇ ਆ ਕੇ...
ਸੁੱਕ ਜਾਂਦੇ ਨੇ
ਮੁੱਕ ਜਾਂਦੇ ਨੇ,
ਕੁਝ ਸੁਪਨੇ।
****

ਤੇਰੀ ਮੁਹੱਬਤ ਮੈਨੂੰ ਆਬਾਦ ਤਾਂ ਨਾ ਕਰ ਸਕੀ,
ਹੁਣ ਤੇਰੀ ਬੇਵਫਾਈ 'ਚ ਮੈਨੂੰ ਬਰਬਾਦ ਹੁੰਦੀ ਵੇਖ।
ਤੇਰਾ ਮਿਲਣਾ ਤਾਂ ਇੱਕ ਸੁਪਨਾ ਬਣਕੇ ਰਹਿ ਗਿਆ,
ਹੁਣ ਤੇਰੇ ਹਿਜਰ 'ਚ ਮੈਨੂੰ ਲਟ ਲਟ ਬਲਦੀ ਵੇਖ।
****

# ਜਾਦੂਈ ਅਸਰ

ਇਹ ਕੇਹਾ ਜਾਦੂਈ ਅਸਰ ਏ ਤੇਰੇ ਪਿਆਰ ਦਾ,
ਨੀਲਾ ਆਕਾਸ਼ ਮੈਨੂੰ ਮੇਰੇ ਪੈਰਾਂ ਹੇਠ ਜਾਪੇ,
ਅਥਾਹ ਸਾਗਰ ਮੇਰੀ ਬੁੱਕ 'ਚ ਸਿਮਟ ਜਾਵੇ,
ਮਸਤ ਪਵਨ ਮੇਰੀ ਚੁੰਨੀ ਦੀਆਂ ਤੰਦਾਂ 'ਚ ਵਸ ਜਾਵੇ,
ਅੰਬਰ ਦੇ ਤਾਰੇ ਧਰਤੀ ਤੇ ਆ ਬਿਰਾਜਣ,
ਫੁੱਲ ਮੇਰਾ ਰੋਮ ਰੋਮ ਖੁਸ਼ਬੋਈ ਕਰ ਦੇਵਣ,
ਤਿਤਲੀਆਂ ਦਾ ਰੰਗ ਮੇਰੇ ਵਜੂਦ 'ਚ ਭਰ ਜਾਵੇ
ਚਿੜੀਆਂ ਦੀ ਚਹਿਕ ਲੱਗੇ ਗੀਤਾਂ ਵਰਗੀ,
ਹਰ ਸ਼ੈਅ 'ਚ ਜ਼ਿੰਦਗੀ ਨਜ਼ਰ ਆਵੇ,
ਬੁੱਲ੍ਹਾਂ ਤੇ ਹਾਸੇ ਰਹਿਣ, ਨੈਣਾਂ ਵਿੱਚ ਖ਼ੁਮਾਰ ਆਵੇ,
ਸਾਰੀ ਕਾਇਨਾਤ ਮੇਰੇ ਮਨ ਅੰਦਰ ਵਸ ਜਾਵੇ,
ਇਹ ਕੇਹਾ ਜਾਦੂਈ ਅਸਰ ਏ ਤੇਰੇ ਪਿਆਰ ਦਾ।

ਜਦੋਂ ਕਦੇ ਮਨ ਦਾ ਬੋਝ, ਸਹਿਣ ਸੀਮਾ ਪਾਰ ਕਰ ਜਾਂਦਾ,
ਤਾਂ ਹਰਫਾਂ ਦੇ ਰੂਪ 'ਚ ਕਾਗਜ਼ ਤੇ ਉਲੇਰ ਦਿੰਦੀ ਹਾਂ,
ਕਾਗਜ਼ ਦਾ ਕੋਰਾ ਪਨ ਵੀ ਲੁਕ ਜਾਂਦਾ,
ਤੇ ਮਨ ਦਾ ਬੋਝ ਵੀ ਕੁਝ ਹਲਕਾ ਹੋ ਜਾਂਦਾ।
****

ਯਾਦਾਂ ਦਾ ਪਾਣੀ,
ਸੋਚਾਂ ਦੀ ਬੇੜੀ,
ਨਾ ਚੱਪੂ ਨਾ ਕਿਨਾਰਾ,
ਮੁਹੱਬਤ ਸਮੁੰਦਰ ਤੋਂ ਵੀ ਗਹਿਰੀ,
ਤੈਰਨਾ ਵੀ ਆਉਂਦਾ ਸੀ,
ਪਰ ਡੁੱਬਣਾ ਚੰਗਾ ਲੱਗਿਆ!
****

## ਕੀ ਕਰਾਂ

ਮੈਂ ਤਾਂ ਤੇਰੀ ਬੇਰੁਖੀ ਸਹਾਰ ਲਵਾਂ,
ਪਰ ਝੱਲੇ ਮਨ ਦਾ ਕੀ ਕਰਾਂ,
ਇਹ ਭੁਰੀ ਜਾ ਰਿਹਾ,
ਮਿੱਟੀ ਦੇ ਭਾਂਡੇ ਵਾਂਗ!

ਮੈਂ ਤਾਂ ਤੇਰੀ ਬੇਵਫਾਈ ਝੱਲ ਲਵਾਂ,
ਪਰ ਨੈਣਾਂ ਦਾ ਕੀ ਕਰਾਂ,
ਜੋ ਭਰ ਭਰ ਛਲਕਦੇ ਨੇ,
ਬਾਗੀ ਹੋਏ ਸਮੁੰਦਰ ਵਾਂਗ!

ਮੈਂ ਤਾਂ ਤੈਨੂੰ ਭੁੱਲ ਜਾਵਾਂ,
ਪਰ ਇਹਨਾਂ ਅੱਖਰਾਂ ਦਾ ਕੀ ਕਰਾਂ,
ਜੋ ਮੁੜ ਮੁੜ ਤੇਰਾ ਨਾਮ ਉਕਰਦੇ ਨੇ,
ਮੇਰੇ ਦਿਲ ਦੀ ਵਹੀ ਤੇ!
ਹੁਣ ਤੂੰ ਹੀ ਦੱਸ, ਮੈਂ ਕੀ ਕਰਾਂ!!

ਬੋਲ ਖਾਮੋਸ਼ ਨੇ,
ਚੁੱਪ ਸ਼ੋਰ ਕਰ ਰਹੀ ਹੈ,
ਮਨ ਦੇ ਸੰਨਾਟੇ ‘ਚ,
ਉਥਲ ਪੁਥਲ ਜਾਰੀ ਹੈ।
****

ਤਨ ਮਿੱਟੀ, ਮਨ ਹੰਕਾਰੀ,
ਬੋਲ ਕੁਬੋਲੇ, ਨੀਅਤ ਮਾੜੀ,
ਮਿੱਟੀ ਨੇ ਮਿੱਟੀ ਸੰਗ ਮਿਲਣਾ,
ਅੱਜ ਮੇਰੀ, ਕੱਲ ਤੇਰੀ ਵਾਰੀ
****

## ਇੱਕ ਘੁੱਟ

ਤੇਰੇ ਮੋਹ ਦਾ ਇੱਕ ਘੁੱਟ ਭਰਨ ਲਈ,
ਹਰ ਚੌਖਟ ਤੇ ਸਜਦਾ ਕਰ ਆਈ,
ਗੁਰੂ ਘਰ ਮੱਥਾ ਟੇਕ ਲਿਆ,
ਅੱਲਾ ਹੂ ਦਾ ਹੋਕਾ ਦੇ ਆਈ,
ਈਸਾ ਨੂੰ ਦੁਆ ਵੀ ਕਰ ਲੀ ਮੈਂ,
ਰਾਮ ਦਾ ਦਰ ਖੜਕਾ ਆਈ,
ਮੁਹੱਬਤ 'ਚ ਤੇਰੀ ਚਾਹਤ ਨੇ,
ਸਚ ਜਾਣੀਂ ਸੱਜਣਾਂ,
ਮੈਨੂੰ ਮਜ਼ਹਬਾਂ ਦੇ ਬੰਧਨਾਂ ਤੋਂ ਮੁਕਤ ਕਰ ਦਿੱਤਾ.।

ਸਵੇਰੇ ਮੇਰੀਆਂ ਪਲਕਾਂ ਦੀਆਂ ਬਰੂਹਾਂ ਸਿੱਲੀਆਂ ਜਾਪੀਆਂ,
ਤਾਂ ਯਾਦ ਆਇਆ .......
ਕਿ ਰਾਤੀਂ ਸੁਪਨੇ 'ਚ ਉਹ ਨੇ ਹੱਥ ਛੁਡਾ ਲਿਆ ਸੀ।
****

ਜ਼ਰੂਰੀ ਤਾਂ ਨਹੀਂ ਇੱਕ ਦੂਜੇ ਦੇ ਸਾਹਵੇਂ ਰਹੀਏ,
ਮੇਰੇ ਲਫਜ਼ਾਂ 'ਚੋਂ ਮੈਨੂੰ ਮਹਿਸੂਸ ਕਰਿਆ ਕਰ !
ਇਹ ਵੀ ਪਿਆਰ ਹੀ ਹੁੰਦਾ !!
****

## ਵਣਜ

ਹਰ ਵੇਲੇ ਸੋਚਾਂ ਦੀਆਂ ਗਲੀਆਂ 'ਚ ਘੁੰਮਦਾ ਰਹਿੰਨੈ,
ਅੜਿਆ ਕਦੇ ਮੇਰੀ ਰੂਹ ਦੇ ਵਿਹੜੇ ਵੀ ਫੇਰਾ ਪਾ।
ਕਿਉਂ ਸੁਆਲਾਂ ਜਵਾਬਾਂ ਦੇ ਭੰਵਰ 'ਚ ਉਲਝਿਆ ਰਹਿੰਨੈ,
ਸੱਜਣਾ ਕਦੀ ਮਨ ਦੀ ਗੁੱਥੀ ਵੀ ਸੁਲਝਾ।
ਕਾਹਦਾ ਨਫਾ ਨੁਕਸਾਨ ਸੋਚਦੈਂ ਸੋਹਣਿਆ,
ਆ, ਕਦੀ ਇਸ਼ਕ ਦਾ ਵਣਜ ਕਮਾ।

ਕੀ ਮਾਣ ਕਰਨਾ ਜ਼ਿੰਦਗੀ ਦਾ,
ਗਿਣਤੀ ਦੇ ਸਵਾਸ ਹੁੰਦੇ ਨੇ।
ਕਿਸਮਤ ਵਾਲੇ ਹੁੰਦੇ ਨੇ ਉਹ ਲੋਕ,
ਜੋ ਕਿਸੇ ਲਈ ਖ਼ਾਸ ਹੁੰਦੇ ਨੇ।
****

ਜਿਵੇਂ ਬੱਦਲ ਉੱਡ ਜਾਂਦੇ ਨੇ,
ਆਪਣਾ ਮਨ ਹਲਕਾ ਕਰਕੇ,
ਜਿਵੇਂ ਧਰਤੀ ਜਜ਼ਬ ਕਰ ਲੈਂਦੀ ਏ ਸਾਰਾ ਸੈਲਾਬ,
ਇਹੋ ਹੀ ਕਹਾਣੀ ਏ, ਤੇਰੀ ਤੇ ਮੇਰੀ ਵੀ।
****

## ਸੰਦੂਕ

ਵਿਹਲੀ ਬੈਠੀ ਬੈਠੀ ਨੇ ਯਾਦਾਂ ਦਾ ਸੰਦੂਕ ਖੋਲ੍ਹਿਆ,
ਕਿੰਨਾ ਈ ਨਿੱਕ ਸੁੱਕ ਭਰਿਆ ਪਿਆ ਸੀ,
ਰੰਗ ਬਰੰਗੇ ਸੁਪਨੇ,
ਨਿੱਕੀਆਂ ਨਿੱਕੀਆਂ ਸ਼ਰਾਰਤਾਂ,
ਵੱਡੀਆਂ ਖਾਹਿਸ਼ਾਂ, ਅਨਗਿਣਤ ਤਰੰਗਾਂ, ਬੇਪਰਵਾਹੀਆਂ,
ਹਾਸੇ, ਮੁਸਕੁਰਾਹਟਾਂ, ਮਦ ਮਸਤ ਅਠਖੇਲੀਆਂ।
ਅਚਾਨਕ ਇੱਕ ਕਠੋਰ ਜਿਹੀ ਚੀਜ਼ ਹੱਥ ਨੂੰ ਛੋਹੀ,
ਕੁਝ ਭਾਰੀ ਜਿਹੀ ਜਾਪੀ,
ਖੋਲ੍ਹਕੇ ਵੇਖੀ, ਤਾਂ ਫਰਜ਼ਾਂ ਦੀ ਪੋਟਲੀ ਸੀ,
ਉਸਨੂੰ ਫਰੋਲਣ ਬੈਠ ਗਈ,
ਕਿੰਨੇ ਹੀ ਵਾਅਦੇ, ਮਜਬੂਰੀਆਂ ਤੇ ਰੋਸੇ ਨਜ਼ਰੀਂ ਪਏ,
ਬਾਕੀ ਸਾਰਾ ਕੁਝ ਉਵੇਂ ਹੀ ਸੰਦੂਕ 'ਚ ਪਾ,
ਅਹਿਸਾਸਾਂ ਵਾਲਾ ਜਿੰਦਰਾ ਮਾਰ,
ਭਾਵਨਾਵਾਂ ਵਾਲੀ ਚਾਬੀ ਬੋਝੇ ਪਾ,
ਫਰਜ਼ਾਂ ਵਾਲੀ ਪੋਟਲੀ ਸਿਰ ਤੇ ਰੱਖ,
ਤੁਰ ਪਈ ਕਾਹਲੇ ਕਦਮੀਂ,
ਦੁਨੀਆਦਾਰੀ ਦੀਆਂ ਰਸਮਾਂ ਪੂਰੀਆਂ ਕਰਨ।

ਮੈਂ ਤਾਂ ਹਰ ਧੜਕਨ ਤੇ ਤੇਰਾ ਨਾਮ ਲਿਖਾ ਬੈਠੀ,
ਤੂੰ ਵੀ ਤਾਂ ਕਦੇ ਮੇਰੇ ਤੇ ਹੱਕ ਜਤਾਇਆ ਕਰ ਸੱਜਣਾ,
ਮੈਂ ਤਾਂ ਤੈਨੂੰ ਰੱਬ ਵਾਂਗ ਲਿਆ ਮਨ ਦੇ ਅੰਦਰ ਵਸਾ,
ਤੂੰ ਵੀ ਸਾਹਾਂ ਵਾਂਗ ਮਿਲਣ ਕਦੇ ਆਇਆ ਕਰ ਸੱਜਣਾ।
****

ਤੂੰ ਜੋ ਵੀ ਬੋਲਿਆ, ਮੈਂ ਕਦੇ ਸੁਣਿਆ ਹੀ ਨਹੀਂ!
ਮੈਂ ਤਾਂ ਸਿਰਫ ਉਹ ਸੁਣਿਆ, ਜੋ ਤੇਰੀਆਂ ਅੱਖਾਂ ਨੇ ਕਿਹਾ!
ਤੇਰੇ ਬੁੱਲ ਕੁਝ ਵੀ ਬੋਲਣ,
ਪਰ ਤੇਰੀਆਂ ਅੱਖਾਂ ਉਹੀ ਬੋਲਦੀਆਂ ਨੇ,
ਜੋ ਤੇਰਾ ਮਨ ਬੋਲਦਾ!
****

## ਮੁੱਲ

ਮੁੱਲ ਤੇਰੀ ਮੁਹੱਬਤ ਦਾ,
ਮੈਥੋਂ ਤਾਰ ਨਹੀਂ ਹੋਣਾ,
ਤੂੰ ਜਾਨ ਵੀ ਚਾਹੇ ਮੰਗ ਲੈ,
ਕਰ ਇਨਕਾਰ ਨਹੀਂ ਹੋਣਾ,
ਤੇਰੇ ਇੱਕ ਹਾਸੇ ਲਈ
ਇਹ ਜਿੰਦ ਮੈਂ ਵਾਰ ਦਿਆਂ,
ਤੇਰੇ ਨਾਲ ਜੋ ਦਿਲ ਮੈਂ ਲਾਇਆ,
ਮੁੜ ਇਹ ਪਿਆਰ ਨਹੀਂ ਹੋਣਾ।

ਤੂੰ ਮੇਰੇ ਦਰਦ ਵੰਡਾਵਣ ਆਇਆ ਸੈਂ,
ਹੰਝੂਆਂ ਨਾਲ ਝੋਲੀ ਭਰ ਚੱਲਿਆਂ।
ਮੇਰਾ ਤਨ ਮਨ ਲੀਰੋ ਲੀਰ ਹੋਇਆ,
ਮੈਨੂੰ ਕੱਖੋਂ ਹੌਲ਼ੀ ਕਰ ਚੱਲਿਆਂ।
****

ਨਾ ਤੱਤੜੀ ਨੂੰ ਤੂੰ ਇੰਝ ਰੋਲ ਚੰਨਾ,
ਇਹ ਦਿਲ ਤੇਰੇ ਨਾਂ ਲਾਇਆ ਮੈਂ,
ਤੂੰ ਹੱਥਾਂ ਦੀਆਂ ਲੀਕਾਂ 'ਚ ਕਿੱਥੇ ਸੀ,
ਤੈਨੂੰ ਕਿਸਮਤ ਤੋਂ ਮਸਾਂ ਚੁਰਾਇਆ ਮੈਂ।
****

## ਔਰਤ

ਨਦੀਆਂ, ਨਹਿਰਾਂ, ਦਰਿਆ,
ਕਿੰਨਾ ਸਬਰ, ਕਿੰਨੀ ਸ਼ਾਂਤੀ,
ਕੋਈ ਠਿਕਾਨਾ ਨਹੀਂ,
ਕੋਈ ਸਿਰਨਾਂਵਾਂ ਨਹੀਂ,
ਪਰ ਵਗਦੇ ਜਾਣਾ,
ਆਪਣੇ ਹੀ ਰੌਂਅ 'ਚ,
ਪੱਥਰਾਂ, ਪਹਾੜਾਂ ਨੂੰ ਚੀਰ,
ਤੇ ਅੰਤ ਸਮਾ ਜਾਣਾ ਸਮੁੰਦਰ ਅੰਦਰ,
ਸਾਰੇ ਦਾ ਸਾਰਾ,
ਆਪਾ ਸਮਰਪਣ,
ਕੁਝ ਇਹੋ ਜਿਹਾ ਹੀ ਹੈ,
ਔਰਤ ਦਾ ਵਜੂਦ।

ਜਦੋਂ ਦਾ ਤੂੰ ਸੱਜਣਾ ਰੁਸਿਆ ਏਂ,
ਸੱਚ ਜਾਣੀਂ ਹਾਸੇ ਰੁੱਸ ਗਏ ਨੇ।
ਮੇਰੀ ਨਬਜ਼ ਖਲੋਂਦੀ ਜਾਂਦੀ ਏ,
ਦਿਲ ਰੋਵੇ, ਹੰਝੂ ਮੁੱਕ ਗਏ ਨੇ।
****

ਮੇਰਾ ਤਾਂ ਅਜੇ ਵੀ ਹਰ ਪਲ ਉਸ ਦੀ ਯਾਦ 'ਚ ਲੰਘਦਾ ਏ,
ਉਹ ਪਤਾ ਨਹੀਂ ਮੇਰੇ ਹਿੱਸੇ ਦਾ ਵਕਤ ਹੁਣ ਕਿਸ ਦੇ ਲੇਖੇ ਲਾਉਂਦਾ ਏ।
****

## ਹੋਂਦ

ਪਤਾ ਨਹੀਂ ਕੀ ਹੋਂਦ ਹੈ ਮੇਰੀ
ਪੈਰ ਪੈਰ ਤੇ ਨਸੀਹਤਾਂ, ਪਾਬੰਦੀਆਂ, ਮਜਬੂਰੀਆਂ,
ਮੇਰੀ ਸੋਚ ਜਾ ਪਹੁੰਚੀ ਅੰਬਰੀਂ,
ਪਰ ਮੇਰਾ ਵਜੂਦ ਅਜੇ ਵੀ ਬੰਧਕ ਏ,
ਸਮਾਜ ਦੀਆਂ ਬੇੜੀਆਂ 'ਚ ਜਕੜਿਆ ਹੋਇਆ,
ਮੇਰਾ ਮਨ ਬੇ-ਝਿਜਕ ਅਸਮਾਨੀਂ ਉੱਡਦਾ ਏ,
ਪਰ ਮੇਰੇ ਪੈਰ ਘਰ ਦੀ ਦਹਿਲੀਜ਼ ਟੱਪਣ ਤੋਂ ਝਿਜਕਦੇ ਨੇ,
ਸੁਪਨਿਆਂ ਦੀ ਹੁਸੀਨ ਦੁਨੀਆਂ ਸਜਾ ਰੱਖੀ ਏ,
ਪਰ ਸੁਪਨੇ ਦੀ ਪੌੜੀ ਚੜ੍ਹਨ ਲਈ ਇਜ਼ਾਜਤ ਉਡੀਕਦੀ ਹਾਂ,
ਹਾਮੀ ਲੋਚਦੀ ਹਾਂ ਕਦੇ ਬਾਪ ਦੀ,
ਕਦੇ ਭਰਾ ਦੀ ਤੇ ਕਦੇ ਪਤੀ ਜਾਂ ਮਹਿਬੂਬ ਦੀ,
ਛਟਪਟਾਕੇ ਰਹਿ ਜਾਂਦੀ ਹਾਂ,
ਮਹਿਲ ਨੁਮਾ ਪਿੰਜਰੇ ਅੰਦਰ,
ਆਪਣੀਆਂ ਆਸਾਂ, ਸੁਪਨਿਆਂ ਤੇ ਉਮੀਦਾਂ ਦੇ ਮਹਿਲ ਨੂੰ ਵੇਖਦੀ ਹਾਂ,
ਤਿਣਕਾ ਤਿਣਕਾ ਹੋ ਕੇ ਬਿਖਰਦਿਆਂ
ਕਾਸ਼ ਕੋਈ ਮੇਰੀ ਵੀ ਹੋਂਦ ਹੁੰਦੀ,
ਕਾਸ਼ ਮੈਂ ਵੀ ਜ਼ਿੰਦਗੀ ਨੂੰ ਜਿਉਂ ਕੇ ਵੇਖ ਲੈਂਦੀ।

ਕੁਝ ਦਿਨਾਂ ਤੋਂ ਸੁਣ ਰਹੀ ਹਾਂ ਖਾਮੋਸ਼ੀ ਤੇਰੀ,
ਕੁਝ ਦਿਨਾਂ ਤੋਂ ਤੇਰੀ ਤਸਵੀਰ ਨਾਲ ਹੋ ਰਹੀ ਏ ਗੁਫਤਗੂ !
****

ਤੂੰ ਨਾਲ ਹੈਂ ਤਾਂ ਮੇਰੀ ਹੋਂਦ ਏ,
ਤੇਰੇ ਸਾਥ ਨਾਲ ਹੀ ਮੇਰਾ ਵਜੂਦ ਏ,
ਤੇਰੇ ਕਾਰਨ ਹੀ ਮੇਰੀ ਜਿੰਦ ਧੜਕਦੀ ਏ,
ਤੂੰ ਦੂਰ ਹੋਵੇਂ ਤਾਂ ਮੈਂ ਬੇਜਾਨ ਬੁੱਤ ਹਾਂ,
ਹਾੜ੍ਹਾ ! ਮੇਰੇ ਤੋਂ ਦੂਰ ਨਾ ਜਾਵੀਂ।
****

# ਮੈਂ ਕੀ ਹਾਂ

ਮੈਂ ਕੀ ਹਾਂ,
ਮੈਂ ਵਿੱਚ ਤਾਂ ਮੈਂ ਕਿਧਰੇ ਦਿਖਦੀ ਨਹੀਂ,
ਵਾਲਾਂ ਦੇ ਚੀਰ 'ਚ ਸੰਧੂਰ ਤੇਰਾ,
ਮੱਥੇ ਬਿੰਦੀ ਤੇਰੇ ਨਾਂ ਦੀ,
ਬੁੱਲੀਂ ਦੰਦਾਸਾ ਤੇਰੇ ਲਈ,
ਨੈਂਣੀਂ ਕੱਜਲਾ ਤੇਰੇ ਲਈ,
ਬਾਹੀਂ ਚੂੜਾ ਤੇਰੇ ਲਈ,
ਵੰਗਾਂ ਦੀ ਛਣਕਾਰ 'ਚ ਤੇਰਾ ਨਾਂ,
ਹੱਥੀਂ ਸੂਹੀ ਮਹਿੰਦੀ ਤੇਰੇ ਨਾਂ ਦੀ,
ਪੈਰੀਂ ਝਾਂਜਰ ਬੋਲੇ ਬੋਲ ਤੇਰੇ,
ਘੁੰਗਰੂ ਗਾਉਣ ਗੀਤ ਤੇਰੇ,
ਕੰਨੀਂ ਝੁਮਕੇ, ਮੱਥੇ ਟਿੱਕਾ,
ਲੌਂਗ ਵੀ ਲਿਸ਼ਕੇ ਤੇਰੇ ਲਈ,
ਮੇਰੇ ਨਾਂ ਵਿੱਚ ਵੀ ਤੇਰਾ ਨਾਂ,
ਅਜੇ ਵੀ ਲੱਗਦਾ ਏ ਕਿ ਮੈਂ ਅਲਹਿਦਾ ਹੋਂਦ ਰੱਖਦੀ ਹਾਂ ?
ਮੇਰਾ ਕੋਈ ਆਪਣਾ ਘਰ ਨਹੀਂ,
ਬਾਬਲ ਦਾ ਦਰ ਵੀ ਪਰਾਇਆ ਸੀ,
ਬਾਲਮ ਦਾ ਘਰ ਵੀ ਪਰਾਇਆ ਏ,
ਕਿਸੇ ਬੂਹੇ ਮੇਰੇ ਨਾਮ ਦੀ ਤਖਤੀ ਨਹੀਂ,
ਮੇਰੇ ਸ਼ੌਂਕ ਫਰਜ਼ਾਂ ਥੱਲੇ ਦੱਬੇ ਨੇ,
ਮੇਰੇ ਅਹਿਸਾਸ ਗਰਜ਼ਾਂ ਥੱਲੇ ਦੱਬੇ ਨੇ,
ਤੇ ਅਜੇ ਮੈਂ ਆਜ਼ਾਦ ਹਾਂ ?
ਕਿੰਨੀਆਂ ਸਦੀਆਂ ਬੀਤ ਗਈਆਂ,
ਮੇਰੀ ਕਹਾਣੀ ਓਹੀਓ ਏ,
ਸੀਤਾ ਵਾਲੀ, ਦਰੋਪਦੀ ਵਾਲੀ, ਸਰੂਪ ਨਖਾ ਵਾਲੀ,
ਕਹਿਣ ਨੂੰ ਤਾਂ ਮੈਂ 'ਜੱਗ ਜਨਣੀ' ਹਾਂ,
ਪਰ ਜੱਗ ਦੀਆਂ ਮਾਰਾਂ ਸਹਿੰਦੀ ਹਾਂ,
ਕਿਉਂ ਕਿ ਮੈਂ ਇੱਕ ਔਰਤ ਹਾਂ।।

ਵਫਾ ਦਾ ਤੋੜ ਕੇ ਰਿਸ਼ਤਾ,
ਵਜੂਦ ਮੇਰਾ ਤੂੰ ਤੋੜ ਗਿਆ,
ਇਹ ਇਸ਼ਕ ਵੀ ਕੀ ਇਸ਼ਕ ਸੀ,
ਇੱਕੋ ਗਿਲਾ ਜੋ ਨਾਤਾ ਤੋੜ ਗਿਆ,
****

ਹੁਣ ਹਾਲ ਜਦ ਵੀ ਪੁੱਛੇਂਗਾ,
"ਸਭ ਖੈਰੀਅਤ" ਹੀ ਦਸਾਂਗੀ,
ਮੋਹ ਦੀ ਤੰਦ ਤੋੜਕੇ,
ਤੂੰ ਉਹ ਹੱਕ ਗੁਆ ਬੈਠਾਂ,
ਕਿ ਤੇਰੇ ਨਾਲ ਮਨ ਦੀਆਂ ਰਮਜ਼ਾਂ ਫੋਲਾਂ!
****

## ਹੋਰ ਨਹੀਂ

ਹੋਰ ਨਹੀਂ, ਬੱਸ ਹੁਣ ਹੋਰ ਨਹੀਂ,
ਨਾ ਅਬਲਾ, ਨਾ ਸੀਤਾ, ਨਾ ਦਰੋਪਦੀ, ਨਾ ਦਾਮਿਨੀ,
ਬਹੁਤ ਹੋ ਗਿਆ ਚੀਰ ਹਰਨ
ਬਹੁਤ ਸਹਿ ਲਿਆ ਜ਼ੁਲਮ ਸਿਤਮ,
ਹੁਣ ਚੁੱਪ ਨਹੀਂ ਰਹਿਣਾ,
ਹੁਣ ਮੈਂ ਬੋਲਾਂਗੀ,
ਮੇਰੀ ਕਲਮ ਬੋਲੇਗੀ,
ਮੇਰੇ ਹੰਝੂ ਸੁੱਕਣਗੇ ਨਹੀਂ,
ਸੈਲਾਬ ਲਿਆਉਣਗੇ,
ਮੇਰੇ ਹੱਥ ਜੁੜਨਗੇ,
ਮਿੰਨਤਾਂ ਤਰਲੇ ਲਈ ਨਹੀਂ,
ਮੁਕਾਬਲਾ ਕਰਨ ਲਈ,
ਮੈਂ ਡਟਾਂਗੀ ਹਰ ਖੌਫ ਅੱਗੇ,
ਹਰ ਵਹਿਸ਼ੀ ਅੱਗੇ,
ਹਰ ਦਾਨਵ ਅੱਗੇ,
ਹੁਣ ਮੈਂ ਮਾਈ ਭਾਗੋ ਹਾਂ,
ਝਾਂਸੀ ਦੀ ਰਾਣੀ ਹਾਂ,
ਦੁਰਗਾ ਦਾ ਰੂਪ ਹਾਂ,
ਮੈਂ ਬਦਲਾਂਗੀ ,
ਹਰ ਸ਼ਖਸ ਨੂੰ,
ਹਰ ਸਮਾਜ ਨੂੰ,
ਕਿਉਂਕਿ ਮੈਂ ਬਦਲ ਗਈ ਹਾਂ,
ਪਿਆਰ ਦੀ ਮੂਰਤ ਤੋਂ ਚੰਡੀ ਦੀ ਸੂਰਤ ਤੱਕ,
ਕਿਉਂ ਕਿ ਮੈਂ ਇੱਕ ਔਰਤ ਹਾਂ।

ਰਾਤਾਂ ਦੀ ਨੀਂਦ ਹੰਝੂਆਂ 'ਚ ਵਹਿ ਗਈ,
ਦਿਨ ਦਾ ਚੈਨ ਹੌਂਕੇ ਬਣਕੇ ਰਹਿ ਗਿਆ,
ਜੇ ਬੇਸ਼ੁਮਾਰ ਮੁਹੱਬਤ ਦਾ ਇਹੀ ਸਿਲਾ ਏ,
ਤਾਂ ਇਹ ਸਜ਼ਾ ਮਨਜ਼ੂਰ ਮੈਨੂੰ ।
****

ਦਿਲ ਵਾਲੇ ਦੀਵੇ 'ਚ,
ਬਾਲ਼ੀ ਸੱਧਰਾਂ ਦੀ ਬੱਤੀ,
ਪਾਕੇ ਇਸ਼ਕੇ ਦਾ ਤੇਲ ਹਾਣੀਆਂ,
ਵੇਖੀਂ ਬੁਝਣ ਨਾ ਦੇਵੀਂ।
****

## ਕਤਰਾ

ਮੈਂ ਕਤਰਾ,
ਤੂੰ ਮੁਹੱਬਤ ਦਾ ਸਾਗਰ,
ਜਿਉਂ ਹੀ ਤੇਰੇ 'ਚ ਮਿਲੀ,
ਮੇਰੀ ਹੋਂਦ ਮਨਫ਼ੀ ਹੋ
ਤੇਰੇ ਵਜੂਦ 'ਚ ਘੁਲ ਗਈ,
ਪਰ ਤੇਰਾ ਵਜੂਦ ਵੀ ਤਾਂ ਮੇਰੇ ਨਾਲ ਈ ਏ ਨਾ,
ਸੱਖਣਾ ਏ ਸਾਗਰ, ਕਤਰੇ ਤੋਂ ਬਿਨਾਂ।

ਅੜਿਆ ਕਿਉਂ ਪਿਆਰ ਦੇ ਰਾਹ 'ਚ ਲਛਮਣ ਰੇਖਾ ਖਿੱਚਦਾ ਰਹਿੰਨੈਂ,
ਦੱਸ ਕਿਹੜੀ ਅਗਨੀ ਪਰੀਖਿਆ ਦਿਆ ਮੈਂ,
ਤੇਰੀ ਮੁਹੱਬਤ 'ਚ ਅੰਗਾਰਿਆਂ ਤੇ ਤੁਰਨਾ ਮਨਜ਼ੂਰ ਏ ਮੈਨੂੰ,
ਪਰ ਤੇਰੇ ਦਿਲ ਤੋਂ ਬਨਵਾਸ ਮਨਜ਼ੂਰ ਨਹੀਂ!
****

ਤੂੰ ਮੈਨੂੰ ਕਿਸੇ ਵੀ ਰਿਸ਼ਤੇ 'ਚ ਮਿਲਣ ਦੀ ਕੋਸ਼ਿਸ਼ ਕਰ,
ਮੈਂ ਹਮੇਸ਼ਾਂ ਤੈਨੂੰ ਮੁਹੱਬਤ ਬਣਕੇ ਮਿਲਾਂਗੀ।
****

# ਮਾਂ

ਮਾਂ
ਤੇਰੇ ਹਰ ਕਰਮ ਨੂੰ ਸਿਜਦਾ,
ਤੇਰੀ ਦਲੇਰੀ ਨੂੰ ਸਲਾਮ,
ਤੇਰੀ ਅਣਥੱਕ ਮਿਹਨਤ ਅੱਗੇ ਸਿਰ ਝੁਕੇ,
ਤੇਰਾ ਨਿਰਸਵਾਰਥ ਸੇਵਾ ਭਾਵ,
ਹਰ ਜੀਅ ਦੀ ਰੀਝ ਦਾ ਖਿਆਲ,
ਸਹਿ ਤਾਹਨੇ, ਮੇਹਣੇ, ਕੌੜੇ ਬੋਲ,
ਫੇਰ ਵੀ ਮੱਥੇ ਵੱਟ ਨਹੀਂ,
ਕੋਈ ਸ਼ਿਕਨ ਨਹੀਂ,
ਸਭ ਕੁਝ ਸਹਿਣਾ
ਤੇ ਚੁੱਪ ਰਹਿਣਾ,
ਸਭ ਤੋਂ ਲਕੋ, ਹੱਸ ਕੇ ਜਰ ਲੈਣਾ
ਧੀਆਂ ਸਾਹਵੇਂ ਮਨ ਹੌਲਾ ਕਰ ਲੈਣਾ,
ਫੇਰ ਕੰਮੀਂ ਲੱਗ ਜਾਣਾ,
ਮੈਨੂੰ ਕਹਿਣ ਸਾਰੇ ਤੇਰੀ ਪਰਛਾਈ ਮਾਂ,
ਕਾਸ਼ ਮੈਂ ਸੱਚੀਂ ਤੇਰੀ ਪਰਛਾਈ ਬਣ ਸਕਦੀ
ਤੇ ਹਰ ਵੇਲੇ ਤੇਰੇ ਨਾਲ ਰਹਿੰਦੀ!!!

ਉਮਰਾਂ ਦੀ ਪੀੜ ਜਿੱਡੀ ਸਜ਼ਾ ਦੇ ਗਿਓਂ,
ਮੇਰੇ ਸਿਰ ਕੋਈ ਗੁਨਾਹ ਤਾਂ ਪਾ ਜਾਂਦਾ,
ਇੰਝ ਅਲਫ ਨੰਗੀ ਕਰਕੇ ਸੁੱਟ ਗਿਓਂ,
ਮੇਰੀ ਮੁਹੱਬਤ ਦੀ ਲਾਸ਼ ਤੇ ਕਫਨ ਤਾਂ ਪਾ ਜਾਂਦਾ
****

ਮੈਂ ਹੀ ਰੋਜ਼ ਵੰਗਾਂ ਦੇ ਟੋਟੇ ਕਰ ਮਾਪਦੀ ਰਹਿੰਨੀ ਹਾਂ,
ਕਦੀ ਤੂੰ ਵੀ ਤੇ ਮੂੰਹੋਂ ਕਹਿ,
ਇਜ਼ਹਾਰ ਕਰ, ਕਿ ਮੈਨੂੰ ਕਿੰਨਾ ਚਾਹੁੰਨਾਂ ਏਂ।
****

## ਮੁਬਾਰਕਾਂ

ਮੁਬਾਰਕਾਂ ਤੈਨੂੰ, ਤੂੰ ਜਿੱਤ ਗਿਆ,
ਮੁਹੱਬਤ ਮੇਰੀ ਹਾਰ ਗਈ,
ਤੂੰ ਸੱਧਰਾਂ ਮੇਰੀਆਂ ਰੋਲ ਗਿਆ,
ਮੈਂ ਡੁੱਬ ਇਸ਼ਕੇ ਵਿਚਕਾਰ ਗਈ,
ਤੂੰ ਪਿਆਰ ਦੀ ਬੇੜੀ 'ਚ ਛੇਕ ਕੀਤਾ,
ਮੈਂ ਕੱਚੇ ਤੇ ਵੀ ਤਾਰ ਗਈ।

ਜੀਅ ਕਰਦਾ ਤੈਥੋਂ ਆਪਾ ਵਾਰ ਦਿਆਂ,
ਕੁਲ ਦੁਨੀਆਂ ਦਾ ਤੈਨੂੰ ਪਿਆਰ ਦਿਆਂ,
ਹਰ ਗਮ ਤੇਰਾ ਪਾ ਝੋਲੀ ਮੈਂ,
ਹਰ ਰੀਝ ਤੇਰੇ ਤੋਂ ਵਾਰ ਦਿਆਂ।
****

ਤੇਰਾ ਮਿਲਣਾ, ਜਿਉਂ ਪੋਹ ਦੀ ਠੰਢ 'ਚ ਸੂਰਜ ਦੀਆਂ ਕਿਰਨਾਂ ਦਾ ਨਿੱਘ,
ਤੇ ਤੇਰਾ ਵਿਛੜਨਾ, ਜਿਉਂ ਜੇਠ ਦੀ ਤਿੱਖੜ ਦੁਪਹਿਰੇ ਪਾਣੀ ਦੀ ਤੇਹ!
****

## ਬੂਟਾ

ਲੱਖਾਂ ਹਨੇਰੀਆਂ ਝੁੱਲੀਆਂ ਜਜ਼ਬਾਤਾਂ ਦੀਆਂ,
ਹਿਜਰ ਦਾ ਸੋਕਾ ਵੀ ਪੈਂਦਾ ਰਿਹਾ,
ਹੰਝੂਆਂ ਦੇ ਹੜ੍ਹ ਵੀ ਵਹਿੰਦੇ ਰਹੇ,
ਪਰ ਅਹਿਸਾਸ ਦੀਆਂ ਜੜ੍ਹਾਂ ਦੀ ਪਕੜ ਨਹੀਂ ਹਿੱਲੀ,
ਸਭ ਸਹਿ ਕੇ ਵੀ ਲਹਿਰਾਉਂਦਾ ਰਿਹਾ,
ਵਿਸ਼ਵਾਸ ਦੇ ਪੱਤੇ ਸਿਦਕ ਦੀਆਂ
ਟਾਹਣੀਆਂ ਤੇ ਖਿੜਦੇ ਰਹੇ,
ਅਟੱਲ ਏ ਅੱਜ ਵੀ,
ਤੇਰੇ ਮੇਰੇ ਪਿਆਰ ਦਾ ਬੂਟਾ।

ਮੇਰੀ ਤੇਹ ਬੇਸ਼ੱਕ ਸਮੁੰਦਰ ਦੀ ਏ,
ਪਰ ਤੇਰੇ ਮੋਹ ਦੀ ਇੱਕ ਬੂੰਦ ਕਾਫੀ ਏ ਮੇਰੀ ਤਰਿਪਤੀ ਲਈ।
****

ਸਮੁੰਦਰੋਂ ਮੋਤੀ ਲੱਭਣੇ ਦਾ ਵੱਲ਼ ਮੈਂ ਸਿੱਖ ਲਿਆ,
ਪਰ ਤੇਰੇ ਦਿਲ ਦੀ ਗਹਿਰਾਈ ਦਾ ਨਾ ਭੇਤ ਪਾ ਸਕੀ ਮੈਂ!
****

## ਮੇਰੀ ਕਲਮ

ਬਹੁਤ ਅਜ਼ੀਜ਼ ਏ ਮੈਨੂੰ,
ਬਹੁਤ ਕਰੀਬ ਏ ਮੇਰੇ,
ਮੈਂ ਹੱਸਾਂ ਤਾਂ ਇਹ ਫੁੱਲ ਬਿਖੇਰੇ,
ਮੈਂ ਖੁਸ਼ ਹੋਵਾਂ ਇਹ ਮੋਤੀ ਵੰਡੇ,
ਮੈਂ ਉਦਾਸ ਹੋਵਾਂ ਤਾਂ
ਇਹ ਹੌਂਕਾ ਲੈਂਦੀ ਏ,
ਮੈਂ ਦਰਦ ਸਹਾਰਾਂ ਤਾਂ,
ਇਹ ਹੰਝੂ ਕੇਰੇ
ਪਤਾ ਨਹੀਂ ਕਿਵੇਂ
ਮੇਰੇ ਮਨ ਦੀ ਰਮਜ਼ ਪਛਾਣ ਜਾਵੇ,
ਮੇਰਾ ਹਰ ਦੁੱਖ ਸੁੱਖ ਵੰਡਾਉਂਦੀ ਏ,
ਇਹ ਮੇਰੀ ਕਲਮ...........

ਮੇਰੇ ਇਸ਼ਕ ਨੇ ਤੈਨੂੰ ਇਸ਼ਟ ਦਾ ਦਰਜਾ ਦਿੱਤਾ ਏ,
ਮੇਰੀ ਇਬਾਦਤ ਦੀ ਲਾਜ ਰੱਖੀਂ,
ਵੇਖੀਂ ਕਿਤੇ ਤੂੰ ਵੀ ਮਨਮਾਨੀਆਂ ਨਾ ਕਰਨ ਲੱਗ ਜਾਵੀਂ, ਰੱਬ ਵਾਂਗ।
****

ਲੱਗਦਾ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ,
ਜਾਂ ਕੋਈ ਟੂਣਾ ਟੱਪ ਲਿਆ,
ਤੇਰੇ ਮੇਰੇ ਪਿਆਰ ਦਾ ਬੂਟਾ ਮੁਰਝਾ ਰਿਹੈ,
ਵੇਖੀਂ ਕਿਤੇ ਇਹ ਦਮ ਹੀ ਨਾ ਤੋੜ ਦੇਵੇ,
ਆ ਮਿਲ ਕੇ ਕੋਈ ਉਪਾਅ ਕਰ ਲਈਏ!
****

# ਮੇਰੀ ਨਜ਼ਮ

ਮੇਰੀ ਨਜ਼ਮ ਅਜੇ ਅੰਞਾਂਣੀ ਏ,
ਇਹ ਤਾਂ ਹਵਾ 'ਚੋਂ ਮਹਿਕਾਂ ਲੱਭਦੀ ਏ,
ਫੁੱਲਾਂ ਨਾਲ ਗੱਲਾਂ ਕਰਦੀ ਏ,
ਬੱਦਲਾਂ ਨਾਲ ਉੱਡਣਾ ਲੋਚੇ ਇਹ,
ਨਦੀਆਂ ਨਾਲ ਵਹਿਆ ਕਰਦੀ ਏ।

ਮੇਰੀ ਨਜ਼ਮ ਅਜੇ ਅੰਞਾਣੀ ਏ,
ਇਹ ਹਰਫੋਂ ਦਰਦ ਕੇਰਦੀ ਏ,
ਅੱਖਰਾਂ 'ਚ ਭਰ ਅਹਿਸਾਸ ਕੋਈ,
ਹੰਝੂਆਂ 'ਚੋਂ ਪੀੜਾਂ ਚੁਗ ਲੈਂਦੀ,
ਹਾਸੇ ਰਹੇ ਬਿਖੇਰਦੀ ਏ।

ਮੇਰੀ ਨਜ਼ਮ ਅਜੇ ਅੰਞਾਣੀ ਏ,
ਮਨ 'ਚੋਂ ਸੂਰਜ ਭਾਲਦੀ ਏ,
ਚੰਨ ਤਾਰਿਆਂ ਨਾਲ ਬਾਤਾਂ ਪਾਉਂਦੀ ਏ,
ਪਰਵਾਹ ਨਹੀਂ ਕੋਈ ਕੀ ਆਖੂ,
ਆਪਣੇ ਹੀ ਰੌਂਅ ਵਿੱਚ ਰਹਿੰਦੀ ਏ, ਕਿਉਂ ਜੁ ਇਹ ਅੰਞਾਣੀ ਏ।

ਕੋਈ ਮੇਰੇ ਨੈਣਾਂ ਦੇ ਬੂਹੇ ਤੇ ਬਿਰਹਾ ਦਾ ਦੀਵਾ ਬਾਲ ਗਿਆ,
ਮੇਰੀ ਜਿੰਦ ਨੂੰ ਲੋਥ ਬਣਾ ਕੇ, ਰੂਹ ਲੈ ਆਪਣੇ ਨਾਲ ਗਿਆ,
ਹੁਣ ਬਲਦੀ ਰਹਿ ਸਾਂ ਤਾ ਉਮਰ ਬਣ ਬੱਤੀ ਹਿਜਰ ਦੇ ਦੀਵੇ ਦੀ,
ਮੇਰੀ ਅਣਭੋਲ ਜਿਹੀ ਜਿੰਦੜੀ ਨੂੰ ਬਣਾ ਗੁੰਝਲ ਦਾਰ ਸਵਾਲ ਗਿਆ।
****

ਮੈਂ ਨਹੀਂ ਬਦਲੀ ਸੱਜਣਾ,
ਮੇਰੇ ਹਾਲਾਤ ਬਦਲ ਗਏ,
ਕੁਝ ਸੋਚਾਂ ਮੇਰੀਆਂ ਬਦਲੀਆਂ,
ਤੇ ਕੁਝ ਜਜ਼ਬਾਤ ਬਦਲ ਗਏ।
****

# ਚੀਸ

ਪਤਾ ਮੈਨੂੰ ਹੌਲੀ ਹੌਲੀ ਦੂਰ ਹੋ ਰਿਹਾ ਏਂ,
ਇੰਞ ਨਾ ਸੋਚ ਕਿ ਅਹਿਸਾਸ ਨਹੀਂ ਮੈਨੂੰ,
ਪਰ ਇਸ ਵਾਰ ਮੈਂ ਕਹਿਣਾ ਕੁਝ ਨਹੀਂ,
ਆਪੇ ਮੁੜ ਆਵੇਂਗਾ ਜਦ ਦਿਲ 'ਚ ਚੀਸ ਉੱਠੀ
ਪਰ ਵਾਪਿਸ ਤਾਂ ਆਵੀਂ ਜੇ ਕੋਈ ਜਜ਼ਬਾਤ ਬਾਕੀ ਏ,
ਸਿਰਫ ਅਹਿਸਾਨ ਕਰਨ ਨਾ ਆਵੀਂ,
ਮੈਨੂੰ ਮੁਹੱਬਤ ਚਾਹੀਦੀ ਏ, ਖ਼ੈਰਾਤ ਨਹੀਂ!

## ਕਵਿਤਾ

ਕਿਸੇ ਪੁਛਿਆ ਮੈਨੂੰ, ਕਿ ਕਵਿਤਾ ਕਿੰਝ ਬਣਦੀ ਏ,
ਸੋਚਾਂ ਵਿੱਚ ਪੈ ਗਈ ਮੈਂ,
ਕਿ ਕਵਿਤਾ ਬਣਦੀ ਨਹੀਂ, ਕਵਿਤਾ ਤਾਂ ਪਨਪਦੀ ਏ,
ਖਿਆਲ ਕੋਈ ਜਦ ਡੂੰਘਾ ਉੱਤਰ ਜਾਵੇ,
ਤਾਂ ਕਵਿਤਾ ਪਨਪਦੀ ਏ,
ਦਰਦ ਕੋਈ ਜਦ ਹੱਦ ਤੋਂ ਵਧ ਜਾਵੇ,
ਤਾਂ ਕਵਿਤਾ ਪਨਪਦੀ ਏ,
ਚੀਸ ਕੋਈ ਜਦ ਸਹਿਣ ਤੋਂ ਪਾਰ ਹੋ ਜਾਵੇ,
ਤਾਂ ਕਵਿਤਾ ਪਨਪਦੀ ਏ,
ਕਿਸੇ ਦੀ ਮੁਹਬਤ ਜਦ ਰੂਹ ਨੂੰ ਛੂਹ ਜਾਵੇ,
ਤਾ ਕਵਿਤਾ ਪਨਪਦੀ ਏ,
ਕਿਸੇ ਪਿਆਰੇ ਦੀ ਜਦ ਯਾਦ ਤੜਪਾਵੇ,
ਤਾਂ ਕਵਿਤਾ ਪਨਪਦੀ ਏ,
ਕੋਈ ਸੋਚ ਜਦ ਸਮੁੰਦਰੋਂ ਗਹਿਰੀ ਹੋ ਜਾਵੇ
ਤਾਂ ਕਵਿਤਾ ਪਨਪਦੀ ਏ,
ਕਵਿਤਾ ਤਾਂ ਅਹਿਸਾਸ ਏ, ਰੂਹ ਏ, ਮੁਹੱਬਤ ਏ,
ਕਵਿਤਾ ਬੋਲਦੀ ਏ.........ਜਦੋਂ ਬੋਲ ਗੂੰਗੇ ਹੋ ਜਾਣ!!

## ਹਰਫ਼

ਹਰਫ਼ਾਂ ਨੂੰ ਸਮਝਣ ਦੀ ਕੋਸ਼ਿਸ਼ ਨਾ ਕਰ,
ਕਦੇ ਨੈਣਾਂ ਨੂੰ ਵੀ ਪੜ੍ਹਿਆ ਕਰ,
ਸਭ ਕੁਝ ਮੂੰਹੋਂ ਨਹੀਂ ਕਹਿ ਹੁੰਦਾ,
ਨਾ ਅੱਖਰਾਂ ਦੇ ਨਾਲ ਲੜਿਆ ਕਰ,
ਕੁਝ ਅਣ-ਕਹਿਆ ਵੀ ਕਹਿ ਜਾਂਦੇ,
ਚਿਹਰਿਆਂ ਦੇ ਨਾਲ ਖੜ੍ਹਿਆ ਕਰ,
ਕੁਝ ਸਵਾਲ ਨੇ ਬੜੇ ਖ਼ੁਦ ਦਾਰ ਹੁੰਦੇ,
ਐਵੇਂ ਮਨੋਂ ਜਵਾਬ ਨਾ ਘੜਿਆ ਕਰ!

## ਹਕੂਮਤ

ਬਹੁਤ ਭਰੋਸਾ ਕਰਦਾ ਮੈਂ,
ਕੋਈ ਬੰਦਿਸ਼ ਨਹੀਂ ਤੇਰੇ ਤੇ,
ਜੋ ਜੀਅ ਕਰਦਾ ਏ ਕਰ,
ਆਪਣੀ ਮਰਜ਼ੀ ਦੀ ਮਾਲਕਣ ਆਂ ਤੂੰ,
ਪਰ ਜੇ ਕਿਤੇ ਜਾਣਾ ਤਾਂ ਮੇਰੀ ਇਜਾਜ਼ਤ ਲੈ ਲਈਂ,
ਪਹਿਨੀ ਉਹੀ ਜੋ ਮੈਨੂੰ ਭਾਉਂਦਾ,
ਮਿਲੀਂ ਉਸੇ ਨੂੰ ਜਿਹਨੂੰ ਮੈਂ ਆਖਾਂ,
ਉਂਝ ਪੂਰੀ ਖੁੱਲ ਏ ਤੈਨੂੰ,
ਜਿਵੇਂ ਚਾਹੇਂ ਜੀਅ ਸਕਦੀ ਏਂ,
ਪਰ ਮੇਰੀ ਹਾਮੀ ਹੋਣੀ ਜ਼ਰੂਰੀ ਏ,
ਉਂਝ ਤੂੰ ਆਜ਼ਾਦ ਏਂ !
ਇੰਝ ਵੀ ਕਰਦਾ ਏ ਮਰਦ
ਹਕੂਮਤ ਔਰਤ ਉੱਤੇ !!

## ਖਲਾਅ

ਪਤਾ ਨਹੀਂ ਕਿਓਂ ਮਨ 'ਚ ਇੱਕ ਖਲਾਅ ਜਿਹਾ ਜਾਪਦਾ,
ਸੱਧਰਾਂ ਅਧੂਰੀਆਂ ਜਿਹੀਆਂ ਲੱਗਦੀਆਂ,
ਕਿਹੜਾ ਸੁਪਨਾ ਜਿਹੜਾ ਅੱਧ ਵਿਚਾਲੇ ਰਹਿ ਗਿਆ,
ਮਹਿੰਦੀ ਲਾ ਕੇ ਵੀ ਹੱਥ ਬੇਰੰਗੇ ਕਿਉਂ ਨੇ,
ਲਾਲ ਸਾਲੂ 'ਚ ਲਿਪਟ ਕੇ ਵੀ ਕਿਉਂ ਪਿਲੱਤਣ ਹੈ ਚਿਹਰੇ 'ਤੇ,
ਡੋਲੀ 'ਚ ਬੈਠ ਕੇ ਵੀ ਸ਼ਹਿਨਾਈ ਦੀ ਗੂੰਜ ਨਹੀਂ ਸੁਣੀ,
ਬਾਬਲ ਦੇ ਗਲ ਨਾਲ ਲੱਗ ਕੇ ਰੋਈ ਵੀ,
ਪਰ ਮਨ ਹਲਕਾ ਨਹੀਂ ਹੋਇਆ,
ਹੰਝੂ ਮੁੱਕ ਚੱਲੇ ਪਰ ਦਰਦ ਉਵੇਂ ਦਾ ਉਵੇਂ,
ਸਾਲਾਂ ਪੁਰਾਣਾ,
ਉਮਰ ਬੀਤ ਚੱਲੀ ਫਰਜ਼ਾਂ ਦੀ ਪੌੜੀ ਚੜ੍ਹਦਿਆਂ,
ਸੁਪਨਿਆਂ ਨੂੰ ਨਵਾਂ ਰੰਗ ਦਿੰਦਿਆਂ,
ਪਰ ਕਿਹੜਾ ਸੁਪਨਾ ਜਿਹੜਾ ਅਜੇ ਵੀ ਅੱਧ ਵਿਚਾਲੇ ਰਹਿ ਗਿਆ,
ਮਨ 'ਚ ਖਲਾਅ ਪਾ ਗਿਆ,
ਕਿਹੜਾ ਦਰਦ ਜੋ ਮਨ ਤੇ ਬੋਝ ਬਣ ਖੜ੍ਹਾ,
ਕਿਥੋਂ ਮਿਲਣਗੇ ਉਹ ਹੰਝੂ ਜਿਹੜੇ ਦਰਦ ਵਹਾ ਕੇ ਲੈ ਜਾਣ,
ਦੂਰ ਕਿਤੇ ਬਹੁਤ ਦੂਰ,
ਭਰ ਜਾਵੇ ਮਨ ਦਾ ਖਲਾਅ,
ਤੇ ਲੱਗ ਜਾਵੇ ਸੱਧਰਾਂ ਨੂੰ ਬੂਰ।

## ਅਮਾਨਤ

ਤੈਨੂੰ ਪਤਾ, ਜਦੋਂ ਤੂੰ ਨਾਲ ਤੁਰਦਾ ਏਂ,
ਤਾਂ ਕੋਹਾਂ ਲੰਮੀ ਵਾਟ ਵੀ ਪਲਾਂ 'ਚ ਹੀ ਮੁੱਕ ਜਾਂਦੀ ਏ,
ਕੰਡਿਆਲਾ ਰਾਹ ਵੀ ਕੋਮਲ ਜਾਪਦਾ।
ਜਦੋਂ ਤੂੰ ਮੇਰਾ ਹੱਥ ਫੜਦਾ ਏਂ,
ਤਾਂ ਅੰਬਰੋਂ ਤਾਰੇ ਤੋੜ ਲਿਆਉਣ ਨੂੰ ਜੀਅ ਕਰਦਾ।
ਜਦ ਤੇਰਾ ਸਾਥ ਹੋਵੇ ਤਾਂ,
ਸਮੁੰਦਰ ਨੂੰ ਡੀਕ ਲਾ ਕੇ ਪੀਣ ਦਾ ਹੌਸਲਾ ਆ ਜਾਂਦਾ।
ਤੇਰੇ ਸਾਹਾਂ ਨੂੰ ਨੇੜੇ ਮਹਿਸੂਸ ਕਰਦੀ ਆਂ ਤਾਂ,
ਕੱਚੇ ਤੇ ਤਰਨ ਦਾ ਹੁਨਰ ਆ ਜਾਂਦਾ।
ਤੇਰੀ ਧੜਕਣ ਦੀ ਆਵਾਜ਼ ਸੁਣ ਕੇ,
ਤਿੱਖੜ ਦੁਪਹਿਰੇ ਰੇਤਲੇ ਥਲਾਂ 'ਚ ਭੱਜੀ ਫਿਰਦੀ ਆਂ।
ਤੇਰੇ ਨਾਲ ਦੋ ਬੋਲ ਸਾਂਝੇ ਕਰਕੇ,
ਹਰ ਮਰਜ਼ ਤੇ ਕਾਬੂ ਪਾ ਲੈਂਦੀ ਆਂ।
ਤੇਰੀ ਰੂਹ ਦਾ ਮੇਰੀ ਰੂਹ ਨਾਲ ਇੱਕਮਿੱਕ ਹੋ ਜਾਣਾ,
ਇੰਝ ਲੱਗਦਾ ਜਿਵੇਂ ਸਾਰੀ ਕਾਇਨਾਤ ਮੇਰੀ ਹੋ ਗਈ ਹੋਵੇ।
ਇਹ ਐ ਤੇਰੇ ਪਿਆਰ ਦੀ ਤਾਕਤ,
ਤੇਰੇ ਇਸ਼ਕ ਦੀ ਇਬਾਦਤ,
ਵੇਖੀਂ ਕਿਤੇ ਮੈਥੋਂ ਖੋਹ ਨਾ ਲਈਂ
ਇਹ ਮੇਰੀ ਜ਼ਿੰਦਗੀ ਦੀ ਅਮਾਨਤ।

## ਸੱਚ-ਝੂਠ

ਸੱਚ ਕਹਿੰਨਾ ਏਂ ਤੂੰ,
ਝੂਠੀ ਏ ਮੇਰੀ ਮੁਹੱਬਤ
ਜੋ ਹਰ ਸਾਹ ਨਾਲ ਤੇਰਾ ਨਾਮ ਲੈਂਦੀ ਏ।
ਝੂਠੀ ਏ ਮੇਰੀ ਤੜਪ,
ਜੋ ਤਰਸਦੀ ਏ ਤੇਰੇ ਦੋ ਬੋਲਾਂ ਲਈ।
ਝੂਠਾ ਏ ਮੇਰਾ ਅਹਿਸਾਸ,
ਜੋ ਤੈਨੂੰ ਹਰ ਵੇਲੇ ਨਾਲ ਮਹਿਸੂਸਦਾ ਏ।
ਝੂਠਾ ਏ ਮੇਰੇ ਨੈਣਾਂ ਦਾ ਖਾਰਾ ਪਾਣੀ,
ਜੋ ਛਲਕ ਪੈਂਦਾ ਏ ਤੇਰੀ ਬੇਰੁਖੀ ਤੇ।
ਤੇ ਸੱਚਾ ਏ ਤੇਰਾ ਭਰਮ,
ਜੋ ਮੇਰੀ ਬੇਇੰਤਹਾ ਮੁਹੱਬਤ ਤੋਂ ਖੌਫਜ਼ਦਾ ਏ।
ਸੱਚਾ ਏ ਤੇਰਾ ਡਰ,
ਕਿ ਕਿਤੇ ਜਿੱਤ ਨਾ ਜਾਵੇ ਮੇਰਾ ਰੂਹਾਨੀ ਪਿਆਰ
ਸੱਚਾ ਏ ਤੇਰਾ ਫਿਕਰ,
ਕਿ ਕਿਤੇ ਗੁੰਮ ਨਾ ਹੋ ਜਾਂਵੇਂ,
ਤੂੰ ਮੇਰੀ ਚਾਹਤ ਦੀ ਗਹਿਰਾਈ ਅੰਦਰ!!

## ਅੰਜਾਮ

ਨਿੰਮਾ ਨਿੰਮਾ ਦਰਦ ਦਿਲ 'ਚ,
ਨੈਣਾਂ 'ਚ ਲਾਲੀ ਤਿੜਕੇ ਸੁਪਨਿਆਂ ਦੀ,
ਹਰ ਵੇਲੇ ਨਮ ਅੱਖਾਂ,
ਤੇ ਹੌਂਕਿਆਂ ਵਰਗੇ ਸਾਹ,
ਸ਼ਾਇਦ ਇਹੋ ਅੰਜਾਮ ਹੁੰਦਾ
ਬੇਪਨਾਹ ਮੁਹੱਬਤ ਦਾ॥

## ਰੂਹ ਦੀ ਤਲਾਸ਼

ਚਾਰ ਲਾਵਾਂ,
ਸੱਤ ਫੇਰੇ,
ਆਈ ਡੂ,
ਕਬੂਲ ਹੈ ਕਬੂਲ ਹੈ ਕਬੂਲ ਹੈ,
ਸਭ ਜਰੀਏ ਨੇ ਜਿਸਮਾਂ ਨੂੰ ਮੇਲਣ ਦੇ,
ਰੂਹਾਂ ਦਾ ਮੇਲ ਕਿੱਥੇ ਹੁੰਦਾ,
ਹਾਰ ਸ਼ਿੰਗਾਰ ਥੱਲੇ ਦੱਬੇ,
ਗਹਿਣੇ ਲੱਦੇ ਜਿਸਮ,
ਆਪਣੀ ਪਹਿਚਾਣ ਗੁਆ ਬਹਿੰਦੇ ਨੇ,
ਲਾਲ ਸਿੰਧੂਰ ਅੱਖਾਂ 'ਚੋਂ ਲਹੂ ਬਣ ਸਿੰਮਦਾ,
ਰੰਗਲਾ ਚੂੜਾ ਵੀਣੀ ਦੀਆਂ ਨਸਾਂ 'ਚ ਖੁਭਦਾ,
ਝੁਮਕੇ ਕੰਨਾਂ 'ਚ ਜ਼ਹਿਰ ਘੋਲਦੇ ਨੇ,
ਪੰਜੇਬਾਂ ਪੈਰਾਂ ਦੀਆਂ ਬੇੜੀਆਂ ਬਣ ਜਾਂਦੀਆਂ,
ਫੁੱਲਾਂ ਦੀ ਸੇਜ, ਅਹਿਸਾਸ ਦਵਾਉਂਦੀ ਹੈ,
ਜਿਉਂਦੇ ਜੀਅ ਅਰਥੀ ਤੇ ਪੈਣ ਦਾ,
ਕੁਝ ਜਿਸਮ ਇੰਝ ਵੀ ਢੋਂਦੇ ਨੇ,
ਤਾ ਉਮਰ ਰਿਸ਼ਤਿਆਂ ਦਾ ਭਾਰ,
ਤੇ ਰੂਹਾਂ ਭਟਕਦੀਆਂ ਨੇ,
ਕਿਸੇ ਆਪਣੇ ਵਰਗੀ ਰੂਹ ਦੀ ਤਲਾਸ਼ ਵਿੱਚ!!!

## ਪਰਵਾਜ਼

ਮੰਨ ਲੈਂਦੀ ਹਾਂ ਅੱਜ,
ਜੋ ਤੂੰ ਵਾਰ ਵਾਰ ਕਹਿੰਨਾ ਏਂ,
ਕਿ ਤੇਰਾ ਇਸ਼ਕ ਦੁਨੀਆਂ ਦੀ ਸੋਚ ਤੋਂ ਉੱਚਾ ਏ,
ਚੱਲ ਆ, ਫ਼ੜ ਮੇਰੀ ਉਂਗਲੀ,
ਲੈ ਚੱਲ ਮੈਨੂੰ ਤੇਰੀ ਨਵੀਂ ਮੁਹੱਬਤ ਦੀ ਦੁਨੀਆਂ ਵਿੱਚ,
ਸਮਝਾ ਮੈਨੂੰ ਤੇਰੇ ਇਸ਼ਕ ਦੀ ਇਬਾਰਤ,
ਢਾਲ ਲੈ ਮੇਰੀ ਸੋਚ ਨੂੰ ਆਪਣੀ ਸੋਚ ਅੰਦਰ,
ਰੰਗ ਦੇ ਮੇਰੇ ਮਨ ਨੂੰ ਆਪਣੇ ਹਕੀਕੀ ਰੰਗ ਨਾਲ,
ਸਮੇਟ ਲੈ ਮੇਰਾ ਜ਼ਰਾ ਜ਼ਰਾ ਆਪਣੀ ਕਾਇਨਾਤ ਅੰਦਰ,
ਚੱਲ ਦੋਵੇਂ ਪਰਵਾਜ਼ ਭਰੀਏ,
ਜਿਸਮਾਂ ਤੋਂ ਪਾਰ,
ਰੂਹਾਂ 'ਚ ਇੱਕ ਮਿੱਕ ਹੋ ਜਾਈਏ,
ਤੇ ਇਸ਼ਕ ਦਾ ਨਾਮ ਬਦਲ ਦੇਈਏ॥

## ਪਾਕ ਰਿਸ਼ਤਾ

ਹਰ ਵੇਲੇ ਮਹਿਫੂਜ਼ ਮਹਿਸੂਸ ਕਰਨਾ,
ਬਿਨਾਂ ਨਾਪੇ, ਬਿਨਾਂ ਤੋਲੇ,
ਸ਼ਬਦਾਂ ਨੂੰ ਝੋਲੀ 'ਚ ਪਾ ਦੇਣਾ,
ਬਿਨਾਂ ਸੋਚੇ, ਬਿਨਾਂ ਝਿਜਕੇ,
ਹਰ ਸੋਚ, ਹਰ ਖਿਆਲ ਨੂੰ ਵੰਡ ਲ਼ੈਣਾ,
ਬੇਬਾਕ ਤੇ ਪਾਕ ਰਿਸ਼ਤਾ,
ਖੁੱਲੀ ਫ਼ਿਜ਼ਾ ਜਿਹਾ,
ਮਦ ਮਸਤ ਪਵਨ ਜਿਹਾ,
ਵਗਦੇ ਪਾਣੀ ਜਿਹਾ,
ਬੱਸ ਇਹੋ ਹੀ ਮੰਗਿਆ ਸੀ,
ਤੇ ਤੂੰ ਪਤਾ ਨਹੀਂ ਕਿਹੜੇ ਹਿਸਾਬਾਂ ਕਿਤਾਬਾਂ 'ਚ ਪੈ ਗਿਆ।

## ਵਪਾਰੀ

ਸੁਣ ਇਸ਼ਕੇ ਦੇ ਵਪਾਰੀਆ,
ਸੁਣਿਆਂ ਤੂੰ ਵਣਜ ਕਰਦਾ ਏਂ ਦਿਲਾਂ ਦਾ,
ਚੱਲ ਆ ਇੱਕ ਸੌਦਾ ਕਰ ਲਈਏ,
ਦੱਸ ਕੀ ਮੁੱਲ ਮੋੜੇਂਗਾ,
ਮੇਰੀਆਂ ਟੁੱਟੀਆਂ ਹੋਈਆਂ ਰੀਝਾਂ ਦਾ,
ਸਿਆਹ ਉਨੀਂਦਰੀਆਂ ਰਾਤਾਂ ਦਾ,
ਹਿਜਰ 'ਚ ਡੁੱਬੇ ਸਵੇਰਿਆਂ ਦਾ,
ਮੇਰੇ ਹੰਝੂ ਭਿੱਜੇ ਨੈਣਾਂ ਦਾ ,
ਮੇਰੇ ਮਨ ਦੇ ਸੁੰਨੇ ਪਏ ਬਨੇਰਿਆਂ ਦਾ ,
ਚੱਲ ਆ, ਲਾ ਦੇ ਅੰਗੂਠਾ ਮੇਰੇ ਦਿਲ ਦੀ ਵਹੀ ਤੇ।

## ਕੋਸ਼ਿਸ਼

ਹਰ ਲਮਹਾ, ਹਰ ਜਜ਼ਬਾਤ, ਹਰ ਘਟਨਾ,
ਹਰ ਖੌਫ਼, ਹਰ ਹਾਸਾ, ਹਰ ਖ਼ੁਸ਼ੀ ,
ਹਰ ਹਿੰਦਸਾ,ਹਰ ਪਹਿਲੂ,
ਖ਼ੁਦ ਨੂੰ ਵੀ ਦੱਸਣ ਤੋਂ ਪਹਿਲਾਂ,
ਤੇਰੇ ਨਾਲ ਸਾਂਝਾ ਕਰਦੀ ਹਾਂ,
ਖੁੱਲ੍ਹੀ ਕਿਤਾਬ ਬਣਨਾ ਲੋਚਦੀ ਹਾਂ ਤੇਰੇ ਲਈ,
ਪਰ ਤੇਰੀਆਂ ਰਮਜ਼ਾਂ ਅਜੇ ਵੀ ਬੁਝਾਰਤਾਂ ਨੇ ਮੇਰੇ ਲਈ,
ਪਤਾ ਨਹੀਂ ਕੀ ਕਮੀ ਏ ਮੇਰੀ ਇਬਾਦਤ 'ਚ,
ਜੋ ਮੈਂ ਤੇਰੀ ਹਮਰਾਜ਼ ਨਾ ਬਣ ਸਕੀ,
ਸ਼ਾਇਦ ਅਜੇ ਕਾਬਿਲ ਨਹੀਂ ਹੋਈ ਮੈਂ,
ਤੇਰੇ ਹਰ ਸਾਹ 'ਚ ਸ਼ਾਮਿਲ ਹੋ ਸਕਣ ਦੇ,
ਅਸਮਰੱਥ ਹਾਂ ਅਜੇ ਤੇਰੀ ਰੂਹ 'ਚ ਵਸਣ ਲਈ,
ਪਰ ਕੋਸ਼ਿਸ਼ ਕਰਦੀ ਰਹਾਂਗੀ ਮੈਂ,
ਕਿ ਇੱਕ ਦਿਨ ਜ਼ਰੇ ਜ਼ਰੇ 'ਚ ਸਮਾ ਜਾਵਾਂ,
ਤੇਰੀ ਮੁਹੱਬਤ ਦੀ ਕਾਇਨਾਤ ਅੰਦਰ,
ਉਮੀਦ ਹੈ ਕਿ ਤੂੰ ਮੇਰਾ ਹੱਥ ਨਹੀਂ ਛੱਡੇਂਗਾ,
ਮੇਰੀ ਕੋਸ਼ਿਸ਼ ਖਤਮ ਹੋਣ ਤੱਕ।

## ਇੱਕ ਰਾਹੀ

ਇੱਕ ਰਾਹੀ ਮੇਰੇ ਮਨ ਦੇ ਵਿਹੜੇ,
ਆਣ ਸੀ ਫ਼ੇਰਾ ਪਾਇਆ,
ਖਬਰ ਨਾ ਹੋਈ ਕਿਸ ਵੇਲੇ ਉਸ,
ਮੇਰੀ ਰੂਹ ਅੰਦਰ ਡੇਰਾ ਲਾਇਆ,
ਸਾਰੀ ਦੁਨੀਆਂ ਨੂੰ ਭੁੱਲਕੇ,
ਮੈਂ ਉਸ ਪਲਕਾਂ 'ਤੇ ਸਜਾਇਆ,
ਨਾ ਰਿਹਾ ਖਿਆਲ ਉਹ ਰਾਹੀ ਸੀ,
ਅਸਾਂ ਸੱਜਣ ਬਣਾ ਬਿਠਾਇਆ,
ਸਧਰਾਂ ਦੀ ਕੁੱਟ ਚੂਰੀ ਖਵਾਈ,
ਸਨੇਹ ਦਾ ਜਾਮ ਪਿਆਇਆ,
ਜਾਂਦੇ ਜਾਂਦੇ ਉਸ ਮੈਨੂੰ,
ਕੁਝ ਏਹਾ ਆਖ ਸੁਣਾਇਆ,
ਰਾਹੀ ਕਦੇ ਅਹਿਸਾਨ ਨੀਂ ਰੱਖਦੇ,
ਭਾੜਾ ਹੱਥ ਫੜਾਇਆ,
ਲੱਪ ਹੰਝੂਆਂ ਦੀ, ਬੋਹਟਾ ਪੀੜਾਂ ਦਾ,
ਮੇਰੀ ਝੋਲੀ ਦੇ ਵਿੱਚ ਪਾਇਆ,
ਮੇਰੀ ਸੁੱਧ ਬੁੱਧ ਲੁੱਟੀ,
ਸੁਪਨੇ ਬਿਖਰੇ,
ਰੋਗ ਅਵੱਲਾ ਲਾਇਆ,
ਯਾ ਰੱਬਾ, ਉਹਦੀ ਖੈਰ ਹੋਵੇ,
ਅਸਾਂ ਮਨ ਉਹਦੇ ਨਾਂ ਲਾਇਆ।

## ਮੁਹੱਬਤ ਜਾਂ ਉਮਰ ਕੈਦ

ਮੈਨੂੰ ਤੂੰ ਰੋਜ਼ ਬੁਲਾਇਆ,
ਹੱਥਾਂ ਤੇ ਚੋਗ ਚੁਗਾਇਆ,
ਪੁਚਕਾਰਿਆ ਸਹਿਲਾਇਆ,
ਤੂੰ ਮੇਰੀ ਆਦਤ ਬਣ ਗਿਆ,
ਮੈਂ ਰੋਜ਼ ਤੇਰੇ ਕੋਲ ਆਉਣ ਲੱਗੀ,
ਕਈ ਵਾਰ ਬਿਨਾਂ ਬੁਲਾਏ ਵੀ,
ਤੈਨੂੰ ਮੇਰੇ ਸੁਭਾਅ ਦਾ ਇਲਮ ਹੋਇਆ,
ਇੱਕ ਦਿਨ ਫੜ ਤੂੰ ਮੈਨੂੰ ਪਿੰਜਰੇ 'ਚ ਪਾ ਲਿਆ,
ਮੈਂ ਫੇਰ ਵੀ ਖੁਸ਼ ਹੋਈ,
ਸ਼ਾਇਦ ਕਦੇ ਚੋਗ ਵੇਖ ਕੇ,
ਕਦੇ ਤੈਨੂੰ ਵੇਖ ਕੇ,
ਫੇਰ ਤੂੰ ਮੇਰੇ ਪੈਰੀਂ ਝਾਂਜਰ ਪਾ ਦਿੱਤੀ,
ਮੈਂ ਝੱਲੀ ਖੁਸ਼ੀ ਨਾਲ ਨੱਚ ਪਈ,
ਮਨ ਹੋਇਆ ਪਿੰਜਰੇ 'ਚੋਂ ਬਾਹਰ ਖੁੱਲ੍ਹ ਕੇ ਨੱਚਾਂ,
ਤੂੰ ਪਿੰਜਰੇ ਤੋਂ ਬਾਹਰ ਤਾਂ ਕੱਢ ਦਿੱਤਾ,
ਪਰ ਮੇਰੇ ਪੰਖ ਕੁਤਰ ਦਿੱਤੇ,
ਮਾਯੂਸ ਹੋਈ ਅੰਬਰ ਵੱਲ ਤੱਕਦੀ,
ਮੇਰੀ ਉਡਾਰੀ ਸੀਮਿਤ ਹੋ ਗਈ,
ਪਿੰਜਰੇ ਤੋਂ ਤੇਰੀ ਛਤਰੀ ਤੱਕ,
ਸਮਝ ਨਹੀਂ ਪਾਈ, ਕਿ ਇਹ ਕੀ ਸੀ
ਮੁਹੱਬਤ ਜਾਂ ਉਮਰ ਕੈਦ ?

## ਕਿੱਸਾ

ਮਹਿਕ ਮਾਣਕੇ ਉੱਡ ਜਾਣ ਵਾਲੇ ਭੌਰਿਆ ਵੇ,
ਤੂੰ ਕੀ ਜਾਣੇਂ ਦਰਦ ਮੁਰਝਾਏ ਹੋਏ ਫੁੱਲਾਂ ਦਾ।
ਤੋੜ ਟਾਹਣੀ ਨਾਲੋਂ ਮਸਲਕੇ ਸੁੱਟ ਚੱਲਿਆਂ,
ਤੂੰ ਕੀ ਜਾਣੇ ਰਾਜ਼ ਬਾਗ ਦੇ ਅਸੂਲਾਂ ਦਾ,
ਦਿਲ ਤੋੜ, ਹੰਝੂ ਅੱਖੀਆਂ ਨੂੰ ਦੇਣ ਵਾਲਿਆ,
ਤੂੰ ਕੀ ਜਾਣੇਂ ਕਿੱਸਾ ਕੰਬਦੇ ਹੋਏ ਬੁੱਲਾਂ ਦਾ।

# ਸੁਰਖ਼ੁਰੂ

ਤੂੰ ਤਾਂ ਸੁਰਖ਼ੁਰੂ ਹੋ ਗਿਆ.....
ਮਰਿਆਦਾ ਪੁਰਸ਼ੋਤਮ ਦਾ ਮਖੌਟਾ ਪਾਕੇ.....
ਤੇ ਮੈਂ ਪੋਟਾ ਪੋਟਾ ਭਸਮ ਹੋ ਰਹੀ ਹਾਂ.....
ਤੇਰੇ ਦਿੱਤੇ ਦਰਦਾਂ ਦੀ ਅਗਨੀ ਪਰੀਖਿਆ 'ਚ..
ਹਿਜਰ ਦਾ ਬਨਵਾਸ ਹੰਢਾਉਂਦੀ ਹੋਈ.....
ਹਰ ਰੋਜ਼ ਕਰਦੀ ਹਾਂ ਇੰਤਜਾਰ....
ਧਰਤੀ ਦੇ ਫਟਣ ਦਾ!!!!

## ਬੇਨਾਮ

ਤੇਰਾ ਮੇਰਾ ਰਿਸ਼ਤਾ,
ਖਿੜਿਆ ਸੱਜਰੀ ਸਵੇਰ ਜਿਹਾ,
ਲੁਭਾਵਣਾ ਸਾਉਣ ਦੀ ਫ਼ੁਹਾਰ ਵਾਂਗ,
ਚੜ੍ਹਦੇ ਸੂਰਜ ਦੀ ਲਾਲੀ ਜਿਹਾ,
ਝੀਲ ਦੇ ਪਾਣੀ ਵਾਂਗ ਨਿਰਮਲ,
ਗੁਲਾਬ ਜਿਹੀ ਖੁਸ਼ਬੋਈ,
ਪਾਕ ਤੇ ਸੁੱਚਾ ਰੱਬ ਵਰਗਾ,
ਅੰਤਾਂ ਦੀ ਖਿਚ,
ਮਿਲਣੇ ਦੀ ਤਾਂਘ,
ਪਰ ਰਿਸ਼ਤਾ "ਬੇਨਾਮ",
ਤੇਰਾ ਮੇਰਾ ਰਿਸ਼ਤਾ।

# ਖਿਆਲ

ਖਿਆਲ ਕਿੰਨੇ ਖ਼ੂਬਸੂਰਤ ਹੁੰਦੇ ਨੇ,
ਵਫਾਦਾਰ ਵੀ,
ਜਿੱਥੇ ਚਾਹੋ ਉੱਥੇ ਫੇਰਾ ਪਾ ਆਉਂਦੇ ਨੇ
ਤੇ ਅੰਤਰ ਮਨ ਭਰ ਦਿੰਦੇ ਨੇ ਸਕੂਨ ਨਾਲ,
ਖਿਆਲ ਕੂਲੇ ਹੁੰਦੇ ਨੇ ਮਖਮਲ ਵਾਂਗਰਾਂ,
ਸੋਹਲ ਬੱਚੇ ਦੇ ਮਨ ਜਿਹੇ,
ਕੋਈ ਛਲ ਨਹੀਂ, ਕੋਈ ਸਾਜ਼ਿਸ਼ ਨਹੀਂ,
ਬੱਸ ਇੱਕ ਉਸੇ ਦੀ ਤਾਂਘ,
ਖਿਆਲ ਪਲਾਂ 'ਚ ਹੀ ਮੇਲ ਦਿੰਦੇ ਨੇ,
ਦੋ ਮੋਹ ਭਿੱਜੀਆਂ ਰੂਹਾਂ ਨੂੰ,
ਦੁਨੀਆਂ ਤੋਂ ਉਹਲੇ,
ਵਾਸਤਵਿਕਤਾ ਤੋਂ ਪਾਰ।

## ਸੌਂਦੇਬਾਜੀ

ਤੇਰੇ ਮੇਰੇ ਦਰਮਿਆਨ ਪੱਸਰੀ ਚੁੱਪ,
ਸਿਰਫ ਸਾਹਾਂ ਤੇ ਧੜਕਨਾਂ ਦੀ ਅਵਾਜ਼।
ਕਿੰਨਾ ਸ਼ੋਰ ਹੈ ਇਸ ਖਾਮੋਸ਼ੀ ਅੰਦਰ
ਕਿ ਦਿਲ ਦੀ ਹੂਕ ਵੀ ਸੁਣਾਈ ਨਹੀਂ ਦਿੰਦੀ।
ਮੁਹੱਬਤ ਤੈਨੂੰ ਵੀ ਸੀ,
ਅਹਿਸਾਸ ਮੈਨੂੰ ਵੀ ਸੀ,
ਫੇਰ ਹੋਇਆ ਕਿਉਂ ਵੱਖਰਾ ਅਸਰ ਦੋਹਾਂ ਤੇ,
ਪਿਆਰ ਦੀ ਪੀੜਾ ਦਿਖਾਈ ਨਹੀਂ ਦਿੰਦੀ।
ਤੂੰ ਬੰਦਿਸ਼ਾਂ ਲਾਉਂਦਾ ਏਂ,
ਮੈਂ ਕਸਮਾਂ ਖਾਂਦੀ ਹਾਂ,
ਸੌਂਦੇਬਾਜੀ ਦੀਆਂ ਰਸਮਾਂ ਦਰਦ ਜੋ ਦੇਵਣ,
ਖਿਆਲਾਂ ਦੀ ਕੈਦ, ਰੂਹ ਨੂੰ ਰਿਹਾਈ ਨਹੀਂ ਦਿੰਦੀ।

## ਚੌਂਖਟ

ਦਿਲ 'ਚ ਚਾਹਤ ਹੈ ਮਿਲਣ ਦੀ,
ਹਰ ਧੜਕਣ 'ਚ ਹੈ ਯਾਦ ਤੇਰੀ,
ਰੂਹ ਤੜਫਦੀ ਹੈ ਤੇਰੇ ਸਾਥ ਲਈ,
ਪਰ ਜੇ ਕਿਤੇ ਨਾ ਵੀ ਮਿਲ ਸਕੇ ,
ਤਾਂ ਦਿਲੋਂ ਨਾ ਭੁਲਾ ਦੇਣਾ,
ਮੇਰੀ ਥਾਂ ਕਿਸੇ ਹੋਰ ਨੂੰ ਨਾ ਵਸਾ ਲੈਣਾ
ਇਸ ਮੱਸਿਆ ਦੀ ਕਾਲੀ ਰਾਤ ਇੱਕ ਅਹਿਸਾਨ ਕਰ ਦੇਣਾ,
ਇੱਕ ਦੀਵਾ ਮੇਰੇ ਨਾਮ ਦਾ ਆਪਣੀ ਚੌਂਖਟ ਤੇ ਜਗਾ ਲੈਣਾ।

## ਤਿਲਕਣ

ਮੋਹਲੇ ਧਾਰ ਮੀਂਹ,
ਸੌਣ ਦੇ ਛਰਾਟੇ ਜਿਹਾ,
ਤੇਰੀ ਯਾਦ,
ਮੇਰੀ ਧੜਕਨ ਨਾਲ ਗੀਤ ਗਾਉਂਦੀ ਹੋਈ,
ਤੇਰੀ ਸੂਰਤ,
ਮੇਰੇ ਨਾਲ ਤੁਰਦੇ ਪਰਛਾਵੇਂ ਜਿਹੀ,
ਸੰਦਲੀ ਸੋਚ,
ਮਨੋਂ ਨਿਕਲੀ ਦੁਆ ਵਰਗੀ,
ਜੇ ਨਾਲ ਹੁੰਦਾ ਤਾਂ
ਤਿਲਕਣ ਤੋਂ ਬੋਚ ਲੈਂਦਾ।

## ਝਾਤ

ਉਸ ਆਖਿਆ
ਆਪਣੇ ਅੰਦਰ ਡੂੰਘੀ ਉੱਤਰ ਕੇ ਵੇਖ,
ਮਨ ਵਿੱਚ ਝਾਤ ਮਾਰ
ਲੱਭ ਖਾਂ ਤੂੰ ਕੀ ਚਾਹੁੰਨੀ ਏਂ,
ਤੇ ਮੈਂ, ਬਹੁਤ ਦੇਰ ਤੱਕ ਵੇਖਦੀ ਰਹੀ,
ਆਪਣੇ ਅੰਦਰ ਤੱਕਦੀ ਰਹੀ,
ਆਪਣਾ ਆਪ ਫਰੋਲਦੀ ਰਹੀ
ਪਰ ਕੁਝ ਨਹੀਂ ਲੱਭਿਆ,
ਸਿਵਾਏ
ਉਸਦੇ ਖਿਆਲਾਂ ਤੋਂ!

## ਸੁਪਨਮਈ ਮੁਲਾਕਾਤ

ਪਹਿਲੀ ਸੁਪਨਮਈ ਮੁਲਾਕਾਤ,
ਉਸ ਮੈਨੂੰ ਗਲਵੱਕੜੀ 'ਚ ਲੈ ਆਖਿਆ......
ਪੁੱਛ ਲੈ ਜਿੰਨੇ ਵੀ ਸੁਆਲ ਨੇ ਤੇਰੇ ਜ਼ਹਿਨ ਅੰਦਰ,
ਤੇ ਮੈਂ ਉਸਦੀਆਂ ਅੱਖਾਂ ਦੀ ਖਾਮੋਸ਼ੀ ਸੁਣ,
ਸਾਰੇ ਸੁਆਲ ਅੰਦਰ ਹੀ ਦਫਨ ਕਰ ਦਿੱਤੇ!
ਉਸਦੇ ਮੱਥੇ ਤੇ ਅਧੂਰੇ ਖਾਬਾਂ ਦੀਆਂ ਲੀਕਾਂ ਵੇਖ,
ਮੈਂ ਸਾਰੀਆਂ ਰੀਝਾਂ ਸੀਨੇ 'ਚ ਲੁਕੋ ਲਈਆਂ!
ਉਸਦੇ ਸਾਹਾਂ ਦੀ ਹਉਂਕਿਆਂ ਵਰਗੀ ਆਵਾਜ਼ ਸੁਣ,
ਉਸਦੀ ਹਰ ਚੀਸ ਆਪਣੇ ਅੰਦਰ ਜਜ਼ਬ ਕਰਨੀ ਚਾਹੀ!
ਉਸਦੇ ਬਿਖਰੇ ਜਿਹੇ ਹਾਸੇ ਵਿੱਚੋਂ,
ਕਿੰਨਾ ਹੀ ਦਰਦ ਬਾਹਰ ਡੁੱਲ੍ਹ ਆਇਆ,
ਮੈਂ ਆਪਣੀ ਝੋਲੀ 'ਚ ਉਹ ਦਰਦ ਸਮੇਟਣ ਦੀ ਕੋਸ਼ਿਸ਼ ਕੀਤੀ!
ਪਰ ਉਹਦੇ ਪਿਆਰ 'ਚੋਂ ਝਲਕਦੀ ਥੋੜ੍ਹੀ ਜਿਹੀ ਬੇਰੁਖੀ,
ਅਨੇਕਾਂ ਨਵੇਂ ਸੁਆਲ ਬਣ ਮੇਰੀਆਂ ਅੱਖਾਂ 'ਚੋਂ ਵਹਿ ਤੁਰੀ!!

## ਰਾਖ

ਵਾਅਦਾ ਹੈ ਤੇਰੇ ਨਾਲ,
ਆਖਰੀ ਸਾਹ ਤੱਕ ਨਿਭਾਵਾਂਗੀ,
ਕਤਰਾ ਕਤਰਾ ਪਿਆਰ ਦਾ,
ਤੇਰੇ ਦਿਲ ਦੇ ਸਾਗਰ ’ਚ ਮਿਲਾਵਾਂਗੀ,
ਤੇਰੇ ਗਮਾਂ ਦੀ ਧੁੱਪ ਉੱਤੇ,
ਬੱਦਲੀ ਬਣ ਪਸਰ ਜਾਵਾਂਗੀ,
ਬੱਸ ਇੱਕੋ ਗੁਜ਼ਾਰਿਸ਼ ਤੇਰੇ ਤਾਈਂ,
ਮੇਰੀ ਚਾਹਤ ਤੇ ਭਰੋਸਾ ਰੱਖੀਂ,
ਰਾਖ ਬਣ ਕੇ ਵੀ ਤੇਰੀ ਰੂਹ ’ਚ ਸਿਮਟ ਜਾਵਾਂਗੀ।

## ਮੇਰਾ ਅਕਸ

ਅੱਜ ਸੋਨਾ ਢਲਦਾ ਵੇਖਿਆ,
ਵਿੱਚ ਕੁਠਾਲੀ ਦੇ,
ਪਿਘਲ ਗਿਆ ਅੱਗ ਦੀ ਤਪਸ਼ ਨਾਲ,
ਆਪਣਾ ਵਜੂਦ ਗੁਆ ਕੇ,
ਪਰ ਨਿਖਰ ਗਿਆ,
ਥੋੜੇ ਜਿਹੇ ਸੁਹਾਗੇ ਦੀ ਛਿੱਟ ਨਾਲ,
ਤੂੰ ਵੀ ਇੰਝ ਹੀ ਕਰਦਾ ਏਂ ਮੇਰੇ ਨਾਲ,
ਜਦੋਂ ਤਪਾਉਂਦਾ ਏਂ ਮੈਨੂੰ,
ਹਿਜਰ ਦੇ ਸੇਕ ਨਾਲ,
ਤੇ ਹੋਰ ਨਿਖਰ ਜਾਂਦਾ ਏ ਮੇਰਾ ਅਕਸ,
ਜਦੋਂ ਫਿਰ ਕਰਦਾ ਏਂ, ਮੁਹੱਬਤ ਦਾ ਇਜ਼ਹਾਰ।

## ਹਰਫ

ਹਰਫ ਦਰਦਾਂ ਦੇ,
ਕਿੰਝ ਕਹਾਂ,
ਡਰਦੀ ਆਂ
ਕਿਤੇ ਨੋਕ ਕਲਮ ਦੀ,
ਛਲਣੀ ਨਾ ਕਰ ਦੇਵੇ,
ਸੀਨਾ ਕਾਗਜ਼ ਦਾ......

ਹੰਝੂ ਖਾਰੇ,
ਕਿੱਥੇ ਡੋਲ੍ਹਾਂ,
ਡਰਦੀ ਆਂ
ਕਿਤੇ ਨੈਣਾਂ ਥੀਂ ਵਗਕੇ,
ਸੈਲਾਬ ਨਾ ਲੈ ਆਉਣ.......

ਹਾਲ ਦਿਲ ਦਾ,
ਕਿੰਹਨੂੰ ਸੁਣਾਵਾਂ,
ਡਰਦੀ ਆਂ,
ਕਿ ਅੱਖ ਨਾ ਭਰ ਆਵੇ,
ਕਿਸੇ ਆਪਣੇ ਦੀ,
ਮੇਰਾ ਦਰਦ ਜਾਣਕੇ,
ਹਰਫ ਦਰਦਾਂ ਦੇ..........

## ਚੁੱਪ

ਜੇ ਥੱਕ ਜਾਵੇਂ ਜ਼ਿੰਦਗੀ ਦੇ ਸਫਰ 'ਚ,
ਤਾਂ ਮੇਰੇ ਕੋਲ ਆ ਬੈਠ ਜਾਵੀਂ,
ਖੁਦ ਨੂੰ ਮੁਸਾਫ਼ਿਰ ਤੇ ਮੈਨੂੰ ਭਾਵੇਂ ਟੁੱਟੀ ਕੰਧ ਸਮਝ ਲਵੀਂ,
ਚਾਹਵੇਂ ਤਾਂ ਮੇਰੇ ਨਾਲ ਗੁਫਤਗੂ ਕਰ ਲਵੀਂ,
ਸਹਾਰਾ ਲੈ ਲਵੀਂ, ਮਨ ਹੌਲਾ ਕਰ ਲਵੀਂ,
ਕੁਝ ਨਹੀਂ ਬੋਲਾਂਗੀ ਮੈਂ,
ਬੱਸ ਚੁੱਪ ਰਹਾਂਗੀ,
ਤੂੰ ਮੇਰੀ ਚੁੱਪ ਸੁਣੀਂ
ਤੇ ਮੈਂ ਤੇਰੇ ਦਿਲ ਦਾ ਹਾਲ ਸੁਣਾਂਗੀ!

## ਚੱਲ ਮਨਾਂ

ਚੱਲ ਮਨਾਂ,
ਮਾਰ ਗੁੰਝਲੀ ਤੇਰੇ ਦਰਦਾਂ ਨੂੰ,
ਬੰਨ੍ਹ ਪੋਟਲੀ,
ਸਾਂਭ ਲੈ ਕਿਸੇ ਕੋਨੇ,
ਪੁਰਾਣੇ ਜ਼ਖ਼ਮ ਨੇ,
ਹੋ ਸਕਦਾ ਆਪੇ ਸੁੱਕ ਜਾਣ,
ਆਪੇ ਮੁੱਕ ਜਾਣ,
ਨਾ ਉਮੀਦ ਕਰ ਕਿਸੇ ਤਾਈਂ,
ਕਿਸੇ ਕੋਲ ਵਕਤ ਨਹੀਂ,
ਤੇਰੇ ਹੌਂਕੇ ਸੁਨਣ ਦਾ,
ਤੇਰੇ ਅੱਥਰੂ ਪੂੰਝਣ ਦਾ,
ਇੱਥੇ ਹੱਸਦੇ ਚੇਹਰੇ ਵਿਕਦੇ ਨੇ,
ਰੋਂਦਿਆਂ ਨੂੰ ਕੌਣ ਪੁੱਛਦਾ,
ਚੱਲ ਪਾ ਲ਼ੈ ਫੇਰ ਉਹੀ ਨਕਾਬ,
ਜ਼ਰੂਰੀ ਆ ਇਹ,
ਇਸ ਮਤਲਬੀ ਦੁਨੀਆਂ ਅੰਦਰ,
ਅੱਖਾਂ ਭਰ ਕੇ ਹੱਸਣਾ ਸਿੱਖ ਲੈ,
ਸ਼ਾਇਦ ਜ਼ਿੰਦਗੀ ਸੁਖਾਲੀ ਲੰਘ ਜੇ!!

# ਦੂਰੀ

ਚੰਦ ਪੂਰਾ ਹੁੰਦਾ ਏ,
ਚਾਂਦਨੀ ਛਿੱਟ ਬਿਖੇਰ ਦੇਵੇ,
ਪਰ ਰਾਤ ਬਿਰਹੋਂ ਦੀ,
ਚਾਨਣ ਤੋਂ ਮਹਿਰੂਮ ਰਹਿ ਜਾਵੇ।
ਸੂਰਜ ਜਲੌਂ ਦੇਵੇ,
ਹਰ ਨੁੱਕਰੇ ਲੋਅ ਦੇਵੇ,
ਪਰ ਕੋਈ ਟੁੱਕੜ ਓਹਲੇ ਹੋ,
ਨਿੱਘ ਤੋਂ ਸੱਖਣਾ ਰਹਿ ਜਾਵੇ।
ਪਾਣੀ ਦਰਿਆਵਾਂ ਦਾ ,
ਹਰ ਵਹਿਣ 'ਚ ਵਹਿੰਦਾ ਏ,
ਪਰ ਕੋਈ ਲਹਿਰ ਕਿਨਾਰੇ ਤੇ,
ਪਿਆਸੀ ਹੀ ਰਹਿ ਜਾਵੇ।
ਹਵਾ ਵਗੇ ਚਾਰੇ ਪਾਸੇ,
ਕਰੇ ਸੀਤ ਹਿਰਦਿਆਂ ਨੂੰ,
ਕੋਈ ਚਾਰ ਦੀਵਾਰੀ ਕੰਧਾਂ ਦੀ,
ਹਵਾ ਤੋਂ ਵਾਂਝੀ ਰਹਿ ਜਾਵੇ।
ਹਰ ਸ਼ੈਅ ਅਧੂਰੀ ਏ,
ਇੱਕ ਤੇਰੇ ਪਿਆਰ ਬਿਨਾਂ,
ਆ ਮਿਲੀਏ ,ਜਿਉਂ ਮਿਲਦੈ,
ਹਰ ਫੁੱਲ ਖੁਸ਼ਬੋਈ ਨੂੰ,
ਕੰਡਿਆਲੀ ਵਾੜ ਓਹਲੇ,
ਨਾ ਕੋਈ ਦੂਰੀ ਰਹਿ ਜਾਵੇ।

## ਗੁੱਸਾ

ਤੂੰ ਆਖਿਆ ਸੀ ਨਾ ਕਿ ਗੁੱਸਾ ਕਰਨਾ ਛੱਡਦੇ,
ਹੁਣ ਮੈਨੂੰ ਗੁੱਸਾ ਨਹੀਂ ਆਉਂਦਾ,
ਨਾ ਤੇਰੀ ਬੇਰੁਖੀ ਤੇ, ਨਾ ਤੇਰੀ ਬੇਪਰਵਾਹੀ ਤੇ,
ਤੇ ਨਾ ਹੀ ਤੇਰੀ ਬੇਵਫਾਈ ਤੇ,
ਬੱਸ ਉਦਾਸ ਹੋ ਜਾਨੀ ਆਂ, ਤੇਰੇ ਤੋਂ ਬਗੈਰ,
ਤੇ ਸਾਰੀ ਤੜਪ, ਸਾਰਾ ਦਰਦ,
ਵਹਾ ਦਿੰਨੀ ਹਾਂ ਖਾਰੇ ਪਾਣੀ 'ਚ,
ਨੈਣਾਂ ਦੇ ਕੋਏ ਜਲ ਜਾਂਦੇ ਨੇ,
ਹਿਜਰ ਦੇ ਕੋਸੇ ਪਾਣੀ ਨਾਲ,
ਪਰ ਬੁੱਲਾਂ ਤੇ ਮੁਸਕਾਨ ਰੱਖਦੀ ਹਾਂ,
ਵੇਖ ਮੈਂ ਵਾਅਦਾ ਨਹੀਂ ਤੋੜਿਆ।

# ਐ ਜ਼ਿੰਦਗੀ

ਐ ਜ਼ਿੰਦਗੀ ਹੌਲੀ ਕਰ ਗਤੀ ਜ਼ਰਾ,
ਬਹੁਤ ਕੁਝ ਕਰਨਾ ਬਾਕੀ ਹੈ ,
ਬਹੁਤ ਫਰਜ਼ ਨਿਭਾਉਣ ਵਾਲੇ ਨੇ,
ਬਹੁਤ ਦਰਦ ਮਿਟਾਉਣ ਵਾਲੇ ਨੇ,
ਬਹੁਤ ਜ਼ਖਮਾਂ ਤੇ ਮੱਲ੍ਹਮ ਲਾਉਣਾ ਬਾਕੀ ਹੈ,
ਬਹੁਤ ਸੂਲੀਆਂ ਸੂਲ ਬਨਾਉਣ ਵਾਲੀਆਂ ਨੇ,
ਬਹੁਤ ਗੁਨਾਹਾਂ ਦੀ ਮਾਫੀ ਮੰਗਣੀ ਬਾਕੀ ਹੈ,
ਕੁਝ ਪੁਰਾਣੇ ਰਿਸ਼ਤਿਆਂ ਨੂੰ ਨਵਾਂ ਰੂਪ ਦੇਣਾ ਏ,
ਕੁਝ ਨਵਿਆਂ ਨੂੰ ਸਮਝਣਾ ਬਾਕੀ ਹੈ,
ਕੁਝ ਮਣਕੇ ਪਰੋਣ ਵਾਲੇ ਨੇ,
ਕੁਝ ਉਦੜ੍ਹੇ ਸਿਉਣ ਵਾਲੇ ਨੇ,
ਕੁਝ ਟੁੱਟੇ ਗੰਡਣ ਵਾਲੇ ਨੇ,
ਜ਼ਰਾ ਹੌਲੀ ਚੱਲ ਐ ਜ਼ਿੰਦਗੀ,
ਬਹੁਤ ਕੰਮ ਅਜੇ ਅਧੂਰੇ ਨੇ,
ਜੋ ਪੂਰੇ ਕਰਨੇ ਬਾਕੀ ਨੇ।

# ਇੰਤਜ਼ਾਰ

ਜਦੋਂ ਤੂੰ ਰੁੱਸਦਾ ਏਂ ਤਾਂ ਇੰਝ ਲੱਗਦਾ ਏ ਜਿਵੇਂ,
ਮੇਰੇ ਵਜੂਦ ਦਾ ਕੋਈ ਹਿੱਸਾ ਤਿੜਕ ਗਿਆ ਹੋਵੇ,
ਮੇਰੇ ਦਿਲ ਨੂੰ ਕੁਝ ਕਚੋਟ ਰਿਹਾ ਹੋਵੇ,
ਮੇਰੀਆਂ ਸੱਧਰਾਂ ਨੂੰ ਪੈਰਾਂ ਥੱਲੇ ਰੋਲ ਰਿਹਾ ਹੋਵੇ,
ਮੇਰੇ ਵਿਸ਼ਵਾਸ ਦਾ ਗਲਾ ਘੁੱਟ ਰਿਹਾ ਹੋਵੇ,
ਮੇਰੇ ਪਿਆਰ ਦਾ ਮਜ਼ਾਕ ਉਡਾ ਰਿਹਾ ਹੋਵੇ,
ਮੇਰੀ ਆਤਮਾ ਨੂੰ ਵਲੂੰਧਰ ਰਿਹਾ ਹੋਵੇ,
ਮੈਨੂੰ ਮਾਰੂਥਲ 'ਚ ਇਕੱਲੀ ਨੂੰ ਛੱਡ ਗਿਆ ਹੋਵੇ,
ਮੇਰੇ ਅੰਦਰੋਂ ਕੁਝ ਰੁੱਗ ਭਰ ਕੇ ਕੱਢ ਲਿਆ ਹੋਵੇ,
ਮੈਨੂੰ ਮੱਸਿਆ ਦੀ ਰਾਤ ਵਾਂਗ ਕਾਲੀ ਸਿਆਹ ਕਰ ਗਿਆ ਹੋਵੇ,
ਮੇਰੀਆਂ ਭਾਵਨਾਵਾਂ ਦੀ ਖਿੱਲੀ ਉਡਾ ਰਿਹਾ ਹੋਵੇ,
ਤੇ ਇੰਨਾ ਸਭ ਹੋਣ ਦੇ ਬਾਅਦ ਵੀ,
ਮੈਂ ਝੱਲਿਆਂ ਵਾਂਗ ਇੰਤਜ਼ਾਰ ਕਰਦੀ ਹਾਂ,
ਤੇਰੇ ਇੱਕ ਸੁਨੇਹੇ ਦਾ,
ਤੇਰੇ ਪਰਤ ਆਉਣ ਦਾ।

## ਅੜਿਆ

ਜਾਹ ਵੇ ਅੜਿਆ,
ਤੈਨੂੰ ਮੇਰੇ ਤਾਅਨੇ ਤਾਂ ਮਹਿਸੂਸ ਹੋਏ,
ਉਹਨਾਂ ਅੰਦਰ ਲੁਕਿਆ ਪਿਆਰ ਮਹਿਸੂਸ ਨਾ ਹੋਇਆ।
ਤੂੰ ਮੇਰੇ ਸ਼ਿਕਵੇ ਤਾਂ ਵੇਖ ਲਏ,
ਉਹਨਾਂ ਪਿੱਛੇ ਮੇਰੀ ਬੇਵਸਾਹੀ ਨਹੀਂ ਵੇਖੀ।
ਤੂੰ ਸ਼ਿਕਾਇਤਾਂ ਤਾਂ ਸੁਣ ਲਈਆਂ,
ਉਹਨਾਂ 'ਚ ਮੇਰਾ ਦਰਦ ਨਹੀਂ ਸੁਣਿਆ।
ਤੈਨੂੰ ਹੱਸਦੇ ਬੁੱਲ ਨਜ਼ਰੀਂ ਆਏ,
ਖਾਰੇ ਪਾਣੀ ਭਰੇ ਨੈਣ ਨਾ ਦਿਖੇ।
ਮੇਰੇ ਲਰਜ਼ਦੇ ਬੋਲ ਤੇਰੇ ਕੰਨੀਂ ਪਏ,
ਪਰ ਮੇਰੇ ਦਿਲ ਦੀ ਹੂਕ ਨੂੰ ਤੂੰ ਅਣਗੌਲਿਆ ਕਰ ਦਿੱਤਾ।
ਤੇ ਅਜੇ ਵੀ ਕਹਿੰਨਾ ਏਂ ਕਿ,
ਤੂੰ ਮੈਨੂੰ ਚੰਗੀ ਤਰ੍ਹਾਂ ਜਾਣਦਾ ਏਂ ?

## ਠੀਕਰੀਆਂ

ਬਹੁਤ ਕੋਸ਼ਿਸ਼ ਕੀਤੀ ਮੁੜ ਜੋੜਨ ਦੀ,
ਲਿੱਪਣ ਪੋਚਣ ਦੀ,
ਖਾਲੀ ਥਾਵਾਂ ਪੂਰਨ ਦੀ,
ਤਰੇੜਾਂ ਮੇਲਣ ਦੀ।
ਹਾਰ ਕੇ ਵਗਾਹ ਮਾਰਿਆ,
ਮਨ ਦੀਆਂ ਬਰੂਹਾਂ ਤੋਂ ਪਾਰ,
ਤੈਨੂੰ ਪਾਉਣ ਦਾ ਖਿਆਲ,
ਆਖਿਰ ਕਿੰਨਾ ਕੁ ਚਿਰ ਕੋਈ ਸਾਂਭ ਰੱਖੇ,
ਪਿਆਰ ਦੀਆਂ ਠੀਕਰੀਆਂ ਨੂੰ।

# ਇੰਝ ਵੀ ਹੁੰਦਾ

ਕਈ ਵਾਰੀ ਇੰਝ ਵੀ ਹੁੰਦਾ,
ਜਦੋਂ ਦਰਦ ਸਹਿਣ ਸੀਮਾ ਤੋਂ ਪਾਰ ਲੰਘ ਜਾਂਦਾ,
ਤਾਂ ਇਸਦਾ ਅਹਿਸਾਸ ਵੀ ਖਤਮ ਹੋ ਜਾਂਦਾ,
ਤੇ ਬਾਕੀ ਰਹਿ ਜਾਂਦਾ ਸਿਰਫ ਖਾਲੀਪਨ।
ਕਈ ਵਾਰੀ ਇੰਝ ਵੀ ਹੁੰਦਾ,
ਬਹੁਤ ਸਾਰੇ ਲਫਜ਼ ਰਲ ਬਹਿੰਦੇ ਨੇ,
ਗੋਸ਼ਟੀ ਕਰਦੇ ਨੇ,
ਪਰ ਮਨ ਦਾ ਵੇਦਨ ਬਿਆਨ ਨਹੀਂ ਹੁੰਦਾ।
ਕਈ ਵਾਰੀ ਇੰਝ ਵੀ ਹੁੰਦਾ,
ਦਿਲ ਅੰਦਰਲੇ ਸ਼ੋਰ ਤੋਂ ਬਚਣ ਲਈ,
ਬਾਹਰੀ ਰੌਲੇ ਦਾ ਆਸਰਾ ਲੈਂਦੇ ਹਾਂ,
ਪਰ ਇਹ ਸ਼ੋਰ ਸ਼ਾਂਤ ਨਹੀਂ ਹੁੰਦਾ।
ਹਾਂ, ਕੀ ਵਾਰੀ ਇੰਝ ਵੀ ਹੁੰਦਾ।

## ਓਪਰੀ ਸ਼ੈਅ

ਜਾਹ ਜਿੰਨਾ ਮਰਜ਼ੀ ਦੂਰ ਮੈਥੋਂ
ਤੇਰੀ ਪੈੜ ਚੁੰਮ ਮੋੜ ਲਿਆਵਾਂ,
ਸੌ ਵਾਰੀ ਰੁੱਸ ਕੇ ਬਹਿ ਭਾਵੇਂ,
ਹਰ ਵਾਰੀ ਮਿੰਨਤਾਂ ਨਾਲ ਮਨਾਵਾਂ,
ਕਰ ਲੈ ਜੀਅ ਭਰ ਕੇ ਸਿਤਮ ਚਾਹੇ,
ਖਿੜੇ ਮਥੇ ਹੱਸਕੇ ਸਹਿ ਜਾਵਾਂ,
ਬੱਸ ਇੱਕੋ ਗੱਲ ਪੁਗਾਵੀਂ ਮੇਰੀ,
ਹੱਥ ਜੋੜ ਅਰਜ ਸੁਣਾਵਾਂ,
ਨਾ ਪੈਣ ਦਈਂ ਮੁਹੱਬਤ ਆਪਣੀ ਤੇ,
ਕਿਸੇ ਓਪਰੀ ਸ਼ੈਅ ਦਾ ਪਰਛਾਵਾਂ,
ਬਾਕੀ ਸਭ ਮਨਜ਼ੂਰ ਮੈਨੂੰ,
ਤੇਰੇ ਤੋਂ ਹੱਸ ਕੇ ਜਿੰਦ ਲੁਟਾਵਾਂ।

## ਤੂੰ ਕੀ ਜਾਣੇਂ

ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਹੰਝੂ ਭਰੀਆਂ ਅੱਖਾਂ ਨਾਲ ਮੁਸਕੁਰਾਉਣਾ
ਤੂੰ ਕੀ ਜਾਣੇਂ,ਕਿੰਨਾ ਔਖਾ ਹੁੰਦਾ,
ਸਮੁੰਦਰੋਂ ਵਿਛੜੀ ਨਦੀ ਦਾ ਆਪਣੇ ਹੀ ਕਿਨਾਰਿਆਂ ਨੂੰ ਖੋਰ ਦੇਣਾ,
ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਪਿਆਸੇ ਦਾ ਮ੍ਰਿਗ ਤਿਸ਼ਨਾ 'ਚ ਭਟਕਣਾ,
ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਟੁੱਟੇ ਸੁਪਨਿਆਂ ਨੂੰ ਸਾਹਾਂ ਦੀ ਲੜੀ 'ਚ ਪਰੋ ਲੈਣਾ,
ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਜਿਉਣ ਦੀ ਕੋਸ਼ਿਸ਼ 'ਚ ਤਿਲ ਤਿਲ ਮਰਨਾ,
ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਆਪਣੀ ਚਾਹਤ ਨੂੰ ਮਨੋਂ ਵਿਸਾਰ ਦੇਣਾ,
ਤੂੰ ਕੀ ਜਾਣੇਂ, ਕਿੰਨਾ ਔਖਾ ਹੁੰਦਾ,
ਹਮਸਫਰ ਤੋਂ ਅਜਨਬੀ ਬਣ ਜਾਣਾ।

## ਜ਼ਹਿਨ

ਪਹਿਲਾਂ ਤੈਂ ਆਪੇ ਹੀ ਖਿੱਚ ਲਿਆ,
ਕਾਲੇ ਸਿਆਹ ਹਨੇਰੇ 'ਚੋਂ
ਚਾਨਣ ਦਾ ਭਰਮ ਜਿਹਾ ਦੇਕੇ,
ਆਪੇ ਹੀ ਠਾਰ ਦਿੱਤਾ ਮੇਰੇ ਧੁੱਪੀਂ ਭਖਦੇ ਪੈਰਾਂ ਨੂੰ,
ਮੁਹੱਬਤ ਦੀ ਸੀਤਲ ਲਹਿਰ ਨਾਲ,
ਆਪੇ ਹੀ ਦਿਖਾ ਦਿੱਤਾ ਮੈਨੂੰ ਸੁਪਨਾ,
ਰੰਗਲੀ ਤਿਤਲੀ ਜਿਹਾ ਵਫਾਈ ਦਾ,
ਤੇ ਮੈਂ ਕਮਲੀ ਸਭ ਸੱਚ ਸਮਝ ਤੇਰੇ ਵਜੂਦ 'ਚ ਘੁਲਦੀ ਗਈ,
ਤਦੋਂ ਹੀ ਤੈਂ ਮੈਨੂੰ ਆਪਣੇ ਜ਼ਹਿਨ 'ਚੋਂ ਕੱਢ ਬਾਹਰ ਮਾਰਿਆ,
ਤੇ ਮੈਂ ਗੁਆਚ ਗਈ।

## ਮਜਬੂਰੀ

ਤੂੰ ਕਮੀ ਬਣ ਗਿਆ ਮੇਰੀ ਜ਼ਿੰਦਗੀ ਦੀ,
ਜੋ ਕਦੇ ਨਾ ਹੋਣੀ ਪੂਰੀ ਏ,
ਥੋੜਾ ਜਿਹਾ ਫਾਸਲਾ ਤੂੰ ਤੇ ਮੈਂ ਵਿੱਚ
ਪਰ ਜਨਮਾਂ ਤੋਂ ਲੰਬੀ ਦੂਰੀ ਏ।
ਰੂਹ ਤਾਂ ਮੇਰੀ ਧੁਰ ਤੋਂ ਤੇਰੀ ਹਾਨਣ ਏ,
ਬੱਸ ਸਾਹਾਂ ਤੋਂ ਸਾਹਾਂ ਦੇ ਵਿੱਚ ਦੂਰੀ ਏ,
ਪਤਾ ਨਹੀਂ ਕਿੰਨੇ ਜਿਸਮ ਬਦਲਣੇ ਪੈਣੇ ਤੇਰੀ ਹੋਣ ਲਈ,
ਲੱਗਦਾ ਅਜੇ ਸਾਡੇ ਲੇਖਾਂ ਵਿੱਚ ਕੋਈ ਧੁਰੋਂ ਲਿਖੀ ਮਜਬੂਰੀ ਏ।

## ਸੁਪਨਿਆਂ ਦਾ ਟੁੱਟ ਜਾਣਾ

ਤੂੰ ਮਿਲਿਆ,
ਤੈਨੂੰ ਮਿਲਕੇ ਇੰਝ ਲੱਗਿਆ,
ਜਿਉਂ ਜ਼ਿੰਦਗੀ ਮਿਲ ਗਈ,
ਸਾਹਾਂ ਨੇ ਸੰਗੀਤ ਛੋਹਿਆ,
ਧੜਕਨ ਗੀਤ ਗਾਉਣ ਲੱਗੀ,
ਪੈਰ ਆਪੇ ਹੀ ਥਿਰਕਨ ਲੱਗੇ,
ਅੱਖਾਂ 'ਚ ਨੂਰ ਉਤਰ ਆਇਆ,
ਰੱਜ ਕੇ ਗੱਲਾਂ ਕੀਤੀਆਂ,
ਕੁਝ ਤੇਰੀਆਂ, ਕੁਝ ਮੇਰੀਆਂ,
ਕੁਝ ਦੋਹਾਂ ਦੀਆਂ,
ਕੁਝ ਹੱਡ ਬੀਤੀਆਂ,
ਕੁਝ ਜੱਗ ਬੀਤੀਆਂ,
ਕੁਝ ਆਰ ਦੀਆਂ,
ਕੁਝ ਪਾਰ ਦੀਆਂ,
ਪਰ ਮਨ ਨਹੀਂ ਭਰਿਆ,
ਤੂੰ ਆਖਿਆ ਹੁਣ ਜਾਣ ਦੇਅ ਮੈਨੂੰ,
ਮੈਂ ਡਰਦੀ ਨੇ ਤੇਰਾ ਹੱਥ ਫੜ੍ਹ ਲਿਆ,
ਤੂੰ ਛੁਡਾਉਣ ਦੀ ਕੋਸ਼ਿਸ਼ ਕੀਤੀ,
ਮੈਂ ਹੋਰ ਘੁੱਟ ਕੇ ਫੜ੍ਹ ਲਿਆ,
ਪਰ ਤੈਂ ਮਲਕੜੇ ਜਿਹੇ ਖਿਸਕਾ ਲਿਆ,
ਮੇਰੀਆਂ ਅੱਖਾਂ ਭਰ ਆਈਆਂ,
ਤੂੰ ਦੂਰ ਹੁੰਦਾ ਗਿਆ,
ਦੂਰ ਹੁੰਦਾ ਗਿਆ,
ਦੂਰ ਜਾਂਦਾ ਜਾਂਦਾ ਅੱਖਾਂ ਤੋਂ ਓਝਲ ਹੋ ਗਿਆ,
ਮੈਂ ਤ੍ਰਭਕ ਕੇ ਉੱਠ ਗਈ,
ਸੁਪਨਾ ਸੀ ਟੁੱਟ ਗਿਆ
ਮੈਨੂੰ ਵੀ ਤੋੜ ਗਿਆ
ਸੱਚੀਂ,
ਬਹੁਤ ਦਰਦ ਨਾਕ ਹੁੰਦਾ,
ਸੁਪਨਿਆਂ ਦਾ ਟੁੱਟ ਜਾਣਾ.....।

## ਬਰਸਾਤ

ਖੱਤ ਭੇਜਦੀ ਹਾਂ ਉਸ ਨੂੰ ਲਿਖ ਕੇ ਹਵਾ ਦੇ ਪੰਨਿਆਂ ਤੇ,
ਭਿੰਨੀ ਮਹਿਕ ਨਾਲ ਗੁਫਤਗੂ ਦੀ ਸ਼ੁਰੂਆਤ ਹੋਈਏ,
ਚੰਨ ਦੀਆਂ ਰਿਸ਼ਮਾਂ ਹੱਥ ਸੁਨੇਹੜੇ ਪਹੁੰਚੇ ਨੇ,
ਸਾਹਾਂ ਨਾਲ ਸਾਹਾਂ ਦੀ ਮੁਲਾਕਾਤ ਹੋਈ ਏ,
ਇਹ ਸਿੱਲ੍ਹੀ ਜਿਹੀ ਹਵਾ ਜੋ ਮੈਨੂੰ ਛੋਹਕੇ ਲੰਘੀ ਹੈ,
ਲੱਗਦਾ ਅੱਜ ਸੱਜਣਾਂ ਦੇ ਸ਼ਹਿਰ ਬਰਸਾਤ ਹੋਈ ਏ !

## ਛੋਹ

ਸੋਚਾਂ ’ਚ ਮਿਲਦੇ ਹਾਂ,
ਰੋਜ਼ ਖਿਆਲਾਂ ਚ ਮਿਲਦੇ ਹਾਂ,
ਮੈਂ ਤੈਨੂੰ ਲਫਜ਼ਾਂ ’ਚ ਪਰੋਨੀ ਆਂ,
ਤੇ ਤੂੰ ਅਰਥ ਬਣ ਸਾਹਵੇਂ ਆ ਜਾਨਾਂ ਏਂ,
ਮੈਂ ਤੇਰੇ ਬੋਲਾਂ ’ਚੋਂ ਖ਼ੁਦ ਨੂੰ ਭਾਲਦੀ ਆਂ,
ਤੂੰ ਮੇਰੇ ਹਾਸੇ ’ਚੋਂ ਖ਼ੁਦ ਨੂੰ ਟੋਲਦਾ ਏਂ,
ਵਿੱਲਖਣ ਜਿਹਾ ਅਹਿਸਾਸ,
ਆ,
ਕਦੀ ਲਫਜ਼ਾਂ ’ਚੋਂ ਬਾਹਰ ਨਿਕਲ ਕੇ ਮਿਲੀਏ,
ਕਦੀ ਸੋਚਾਂ ਨੂੰ ਸੱਚ ਕਰੀਏ,
ਕਦੀ ਖਿਆਲਾਂ ਨੂੰ ਜੀਅ ਕੇ ਵੇਖੀਏ,
ਆ,
ਕਦੀ ਛੋਹ ਦਾ ਆਨੰਦ ਮਾਣੀਏ।

# ਫ਼ਿਤਰਤ

ਫ਼ਿਤਰਤ ਸੀ ਉਸਦੀ ਨਿਹਾਰ ਕੇ ਰੋਲਣ ਦੀ,
ਮੈਂ ਐਂਵੇਂ ਹੁਸਨ ਤੇ ਇਤਰਾਉਂਦੀ ਰਹੀ,
ਉਹ ਮੇਰੇ 'ਚ ਕਿਸੇ ਹੋਰ ਨੂੰ ਤੱਕਦਾ ਰਿਹਾ,
ਮੈਂ ਐਂਵੇਂ ਖ਼ੁਦ ਨੂੰ ਵਰਗਲਾਉਂਦੀ ਰਹੀ,
ਉਹਦੇ ਇਸ਼ਕ 'ਚ ਸ਼ਾਮਲ ਸੀ ਸਾਜ਼ਿਸ਼ਾਂ ਕਈ,
ਮੈਂ ਸ਼ਰਾਰਤਾਂ ਸਮਝਕੇ ਭੁਲਾਉਂਦੀ ਰਹੀ,
ਉਹਨੇ ਕੀਤੀ ਬੇਵਫਾਈ ਚਲਾਕੀ ਦੇ ਨਾਲ,
ਮੈਂ ਸਾਦਗੀ ਨਾਲ ਵਫਾ ਨਿਭਾਉਂਦੀ ਰਹੀ,
ਉਸਨੂੰ ਆਪਣਾ ਸਮਝ ਦੁੱਖ ਮੈਂ ਸੁਣਾਉਂਦੀ ਰਹੀ,
ਸ਼ਰੀਕ-ਏ-ਗ਼ਮ-ਬਣਾਉਂਦੀ ਰਹੀ,
ਪਤਾ ਲੱਗਿਆ ਕਿ ਉਹ ਤਾਂ ਮੁਰੀਦ ਸੀ ਸਿਰਫ ਮੇਰੇ ਹਾਸਿਆਂ ਦਾ,
ਮੈਂ ਐਂਵੇ ਹੀ ਉਸ ਸਾਹਵੇਂ ਹੰਝੂ ਵਹਾਉਂਦੀ ਰਹੀ।

## ਮੇਰੀ ਚਾਹਤ

ਮੇਰੀ ਚਾਹਤ ਤਾਂ ਅਜੇ ਵੀ ਬਰਕਰਾਰ ਏ,
ਉਸੇ ਤਰ੍ਹਾਂ, ਚਾਂਦਨੀ ਰਾਤ ਵਾਂਗ!
ਪਰ ਤੇਰੀਆਂ ਲੋੜਾਂ ਬਦਲ ਗਈਆਂ ਨੇ,
ਬਦਲਦੇ ਮੌਸਮਾਂ ਵਾਂਗ!
ਉਹ ਵੀ ਵਕਤ ਸੀ ਕਦੇ,
ਤੂੰ ਹਰ ਪਲ ਸੀ ਗੁਫਤਗੂ ਕਰਦਾ!
ਇਹ ਵੀ ਵਕਤ ਏ ਕਿ,
ਮੇਰੇ ਰੂ-ਬ-ਰੂ ਹੋਣਾ ਵੀ ਤੈਨੂੰ ਬੋਝ ਏ ਲੱਗਦਾ!
ਤੂੰ ਖੁਸ਼ ਏਂ ਮੇਰੇ ਤੋਂ ਦੂਰ ਹੋ ਕੇ,
ਮੈਂ ਖੁਸ਼ ਹਾਂ ਤੈਨੂੰ ਖੁਸ਼ ਵੇਖ ਕੇ!
ਤੂੰ ਰੂਹ ਸੰਗ ਰਿਸ਼ਤਾ ਜੋੜਕੇ,
ਬੋਲਣ ਤੋਂ ਵੀ ਮੁਨਕਰ ਹੋ ਗਿਆ!
ਤੂੰ ਵਾਅਦਾ ਕਰਕੇ ਹਾਸਿਆਂ ਦਾ,
ਹੰਝੂ ਦੇ ਕੇ ਰੁਖਸਤ ਹੋ ਗਿਆ।

## ਦਰਦ

ਉਸ ਆਖਿਆ,
ਕਿੰਨਾ ਕੁਝ ਸਮੋਈ ਬੈਠੀ ਏਂ
ਆਪਣੇ ਅੰਦਰ,
ਵੰਡ ਲੈ ਕਿਸੇ ਨਾਲ,
ਜਿਸ ਤੇ ਭਰੋਸਾ ਹੋਵੇ,
ਦਿਲ ਖੋਲ੍ਹ ਲੈ,
ਦਰਦ ਕੁਝ ਹਲਕਾ ਹੋਵੇ,
ਤੇ ਮੈਂ.....
ਸਾਰਾ ਕੁਝ ਢੇਰੀ ਕਰ ਦਿੱਤਾ ਉਹ ਦੇ ਸਾਹਵੇਂ,
ਹਰ ਪੀੜ,
ਹਰ ਰਾਜ਼
ਤੇ ਹਰ ਸੁਪਨਾ,
ਖੋਲ੍ਹ ਦਿੱਤੀ ਮਨ ਦੀ ਪੰਡ ਉਸ ਮੂਹਰੇ,
ਸੋਚਿਆ ਸ਼ਾਇਦ ਕੁਝ ਭਾਰ ਹੌਲਾ ਹੋ ਜਾਵੇ,
ਤੇ ਉਸ ਨੇ ਸਭ ਕੁਝ ਸੁਣ,
ਮੂੰਹ ਮੋੜ ਲਿਆ ਮੇਰੇ ਤੋਂ,
ਸ਼ਾਇਦ ਉਸਦੇ ਲਈ ਵੀ ਔਖਾ ਸੀ...
......ਇਹ ਦਰਦ ਵੰਡਾਉਣਾ।

## ਕੰਡਿਆਲੀ ਥੋਹਰ

ਜਾਹ ਵੇ ਬਾਵਰੇ ਮਨਾਂ,
ਜੋ ਤੈਨੂੰ ਦਿਖਿਆ ਸੀ,
ਉਹ ਉਹ ਨਹੀਂ ਸੀ,
ਜੋ ਤੂੰ ਮਹਿਸੂਸ ਕੀਤਾ,
ਉਹ ਤੇਰਾ ਵਹਿਮ ਸੀ,
ਤੂੰ ਤੇ ਕੰਡਿਆਲੀ ਥੋਹਰ ਏਂ,
ਨਾ ਫੁੱਲ
ਨਾ ਫਲ
ਨਾ ਮਹਿਕ
ਨਾ ਛਾਂ,
ਕਿਵੇਂ ਲਿਆ ਤੇਰੇ ਨੈਣਾਂ ਨੇ,
ਕਿਸੇ ਦੇ ਦਿਲ ਦੇ ਬਾਗ ਦਾ ਸੁਪਨਾ,
ਕਿਹੜਾ ਮਾਲੀ ਤੈਨੂੰ ਸਿੰਜਣਾ ਚਾਹਵੇ,
ਬਾਹਰ ਨਿਕਲ ਇਸ ਮ੍ਰਿਗ ਤ੍ਰਿਸ਼ਨਾ 'ਚੋਂ
ਤੇਰੇ ਹਿੱਸੇ ਸਿਰਫ ਰੋਹੀ ਬੀਆਬਾਨ,
ਤੇ ਕੰਡਿਆਂ ਦਾ ਸਾਥ ਏ।

# ਮਾਲੀ

ਇੱਕ ਮਾਲੀ ਮੇਰੇ ਮਨ ਦੇ ਬਾਗੀਂ,
ਪਿਆਰ ਦਾ ਬੂਟਾ ਲਾਇਆ,
ਸਾਂਝ ਸਵੇਰੇ, ਬੋਲ ਵਸਲ ਦੇ,
ਰੀਝਾਂ ਦਾ ਪਾਣੀ ਪਾਇਆ,
ਕੋਂਪਲਾਂ ਫੁੱਟੀਆਂ,
ਸਧਰਾਂ ਪੁੰਗਰੀਆਂ,
ਹਾਸੇ ਆਣ ਖਿੜਾਇਆ,
ਫੁੱਲ ਖੁਸ਼ਬੂ ਦੀ ਰੁੱਤ ਨਾ ਆਈ,
ਹਿਜਰੀਂ ਆਣ ਮੁਕਾਇਆ,
ਰੀਝਾਂ ਝੜੀਆਂ,
ਸਧਰਾਂ ਸੁੱਕੀਆਂ,
ਮਨ ਕੋਮਲ ਮੁਰਝਾਇਆ,
ਮਿੰਨਤਾਂ ਦੀ ਮੈਂ ਖਾਦ ਵੀ ਪਾਈ,
ਤਰਲਿਆਂ ਪੇਂਦ ਚੜ੍ਹਾਇਆ,
ਹੰਝੂਆਂ ਨਾਲ ਮੈਂ ਸਿੰਜਣ ਲੱਗੀ,
ਪਰ ਬੂਟਾ ਰਾਸ ਨਾ ਆਇਆ,
ਬਾਗ ਉਜੜਿਆ,
ਬੰਜਰ ਬਣ ਗਿਆ,
ਮਾਲੀ ਫੇਰ ਨਾ ਆਇਆ।

## ਸਿਲਾ

ਉਦਾਸ ਫ਼ਿਜ਼ਾ,
ਵਿਚਲਿਤ ਮਨ,
ਪੰਛੀਆਂ ਵਾਂਗ ਉੱਡਦੇ ਖ਼ਿਆਲ,
ਖਿਆਲਾਂ ਲਈ ਬੋਲ ਨਹੀਂ,
ਬੋਲ਼ਾਂ ਲਈ ਹਰਫ ਨਹੀਂ
ਤਰਾਸਦੀ, ਵੇਦਨਾ, ਪੀੜ
ਹਜ਼ਾਰਾਂ ਸੁਆਲ-ਜਵਾਬ
ਉਲਝਿਆ ਤਾਣਾ ਬਾਣਾ,
ਜ਼ਿੰਦਗੀ ਦੇ ਤਿੰਨ ਅੱਖਰ,
ਬੇਤਰਤੀਬੀਆਂ ਲਗਾ-ਮਾਤਰਾਂ,
ਜੋੜਨ ਤੇ ਸਮੇਟਨ ਦੀ
ਅਸਫਲ ਕੋਸ਼ਿਸ਼,
ਬਿੱਖਰਦੀ ਰੂਹ,
ਬਿਖੜਿਆ ਪੈਂਡਾ,
ਮੇਰੀ ਵਫਾ ਦਾ ਮੰਜ਼ਰ,
ਮੇਰੀ ਚਾਹਤ ਦਾ ਸਿਲਾ!

## ਸੁੱਚੀ ਮੁਹੱਬਤ

ਜਿਸਮਾਂ ਦੀ ਮੰਡੀ ਵਿੱਚ,
ਜਜ਼ਬਾਤ ਗੁਆ ਆਈ।
ਦਿਨ ਦੇ ਉਜਾਲੇ ਵਿੱਚ,
ਰਾਤ ਗੁਆ ਆਈ।
ਗਮ ਲੈ ਕੇ ਉਧਾਰੇ,
ਹਾਸੇ ਮੈਂ ਗਹਿਣੇ ਧਰਕੇ,
ਖਾਮੋਸ਼ ਬੋਲਾਂ ਰਾਹੀਂ,
ਗੱਲ-ਬਾਤ ਗੁਆ ਆਈ।
ਅੱਗ ਵਾਂਗਰ ਤਪਦੇ,
ਬੇਵਫਾਈ ਦੇ ਬਾਜ਼ਾਰ ਵਿੱਚ,
ਸੁੱਚੀ ਮੁਹੱਬਤ ਦੀ ਬਰਸਾਤ ਗੁਆ ਆਈ॥

## ਰਾਤ ਸਾਕਸ਼ੀ

ਰਾਤ ਸਾਕਸ਼ੀ ਹੈ,
ਚੰਨ ਗਵਾਹ ਏ,
ਤਾਰੇ ਵੀ ਹਾਮੀ ਭਰਦੇ ਨੇ,
ਸਾਰੀ ਰਾਤ ਯਾਦ 'ਚ ਤੇਰੀ,
ਨੈਣਾਂ ਦੇ ਬੂਹੇ ਨਾ ਢੋਏ ਨੇ।
ਬੱਦਲਾਂ ਆਣ ਸਿਰਹਾਣਾ ਦਿੱਤਾ,
ਹਵਾ ਨੇ ਕੰਨੀਂ ਲੋਰੀ ਗਾਈ,
ਤਰੇਲ ਦੀ ਬੂੰਦੇ ਪਿਆਸ ਬੁਝਾਈ,
ਫੇਰ ਵੀ ਨੈਣੀਂ ਨੀਂਦ ਨਾ ਆਈ।
ਸੋਚਾਂ ਸੋਚਦਾ ਮਨ ਬਾਵਰਾ,
ਭਰੀ ਪਰਵਾਜ਼ ਅੰਬਰੀਂ ਉਡਾਰੀ,
ਰਹੇ ਨੈਣਾਂ ਦੇ ਬੂਹੇ ਖੁੱਲੇ,
ਭਰ ਭਰ ਤੇਰੀ ਯਾਦ 'ਚ ਡੁੱਲੇ।

## ਰਮਜ਼ਾਂ

ਕਦੇ ਕਦੇ ਇੰਝ ਲੱਗਦਾ,
ਕਿ ਤੇਰੇ ਨੇੜੇ ਹੋਕੇ ਵੀ ਮੈਂ ਬੜੀ ਦੂਰ ਹਾਂ,
ਤੇਰੇ ਦਿਲ ਦੀ ਤਹਿ ਤੱਕ ਨਹੀਂ ਪਹੁੰਚ ਸਕੀ ,
ਡੂੰਘੀ ਨਹੀਂ ਉਤਰੀ ਅਜੇ,
ਕਿਨਾਰੇ ਤੇ ਹੀ ਖੜ੍ਹੀ ਹਾਂ,
ਸ਼ਾਇਦ ਹੋਰ ਵਕਤ ਲੱਗੇਗਾ।
ਤੈਨੂੰ ਲੱਭਣ ਲਈ ਆਪਾ ਖੋ ਲਿਆ,
ਤੈਨੂੰ ਪਾਉਣ ਲਈ ਖ਼ੁਦ ਨੂੰ ਗੁਆ ਲਿਆ,
ਮੇਰੀ ਮੁਹੱਬਤ ਫਿਰ ਵੀ ਤੇਰੇ ਹਾਣ ਦੀ ਨਹੀਂ ਹੋਈ,
ਕੋਈ ਕਮੀ ਰਹਿ ਗਈ ਮੇਰੀ ਇਬਾਦਤ ’ਚ,
ਇਸੇ ਲਈ ਥੋੜ੍ਹੀ ਵਿੱਥ ਏ,
ਤੇਰੀ ਮੇਰੀ ਰੂਹ ਦੇ ਦਰਮਿਆਨ,
ਸ਼ਾਇਦ ਇਹੀ ਕਾਰਨ ਏ ਕਿ,
ਮੇਰੇ ਨਾਲ ਤੂੰ ਗੱਲਾਂ ਤਾਂ ਸਾਂਝੀਆਂ ਕਰਦਾ ਏਂ,
ਪਰ ਮਨ ਦੀਆਂ ਰਮਜ਼ਾਂ ਨਹੀਂ ਫੋਲਦਾ।

## ਬਦਲ

ਮੁਹੱਬਤ ਬੱਸ ਇੱਕ ਖ਼ਿਆਲ ਬਣਕੇ ਰਹਿ ਗਈ,
ਮੋਹ ਭਿੱਜੇ ਬੋਲ ਇੱਕ ਯਾਦ ਬਣਕੇ ਰਹਿ ਗਏ,
ਤੇਰਾ ਮੇਰਾ ਮਿਲਣਾ ਇੱਕ ਸਿੱਕ ਬਣਕੇ ਰਹਿ ਗਿਆ,
ਰੂਹਾਂ ਦਾ ਪਿਆਰ ਇੱਕ ਅਹਿਸਾਸ ਬਣਕੇ ਰਹਿ ਗਿਆ,
ਮੇਰੀ ਜ਼ਿੰਦਗੀ ਸਿਰਫ ਇੱਕ ਬੁਝਾਰਤ ਬਣ ਕੇ ਰਹਿ ਗਈ,
ਸੱਚ ਕਿਹਾ ਸੀ ਤੂੰ ਕਿ ਵਕਤ ਨਾਲ ਸਭ ਬਦਲ ਜਾਂਦਾ,
ਵੇਖ ਹੁਣ ਮੈਂ ਵੀ ਬਦਲ ਗਈ,
ਤਕਦੀਰ ਸਾਹਵੇਂ ਹਾਰ ਗਈ,
ਹੁਣ ਮੈਂ ਵੀ ਨਕਾਬ ਪਾ ਕੇ ਹੱਸਣਾ ਸਿੱਖ ਲਿਆ,
ਸੱਚੀਂ ਸਭ ਕੁਝ ਬਦਲ ਗਿਆ।

## ਤੇਰੇ ਤੋਂ ਬਗੈਰ

ਤੂੰ ਵਾਅਦਾ ਮੰਗ ਲਿਆ,
ਕਿ ਤੂੰ ਛੱਡ ਕੇ ਜਾਵੇਂ,
ਤਾਂ ਮੈਂ ਪਿੱਛੋਂ 'ਵਾਜ ਨਾ ਮਾਰਾਂ,
ਤੇਰਾ ਰਾਹ ਨਾ ਰੋਕਾਂ,
ਤੈਨੂੰ ਮੁਕਤ ਕਰ ਦੇਵਾਂ,
ਹਰ ਬੰਧਨ ਤੋਂ, ਹਰ ਕਸਮ ਤੋਂ,
ਕੋਈ ਸ਼ਿਕਵਾ ਵੀ ਨਾ ਕਰਾਂ,
ਸ਼ਿਕਾਇਤ ਵੀ ਨਾ ਕਰਾਂ,
ਮੈਂ ਵੀ ਵਾਅਦਾ ਕਰ ਲਿਆ,
ਤੇਰਾ ਵਾਅਦਾ ਨਿਭਾਉਣ ਦਾ,
ਤੇਰੀ ਖ਼ੁਸ਼ੀ ਖਾਤਿਰ,
ਰੋਕਾਂਗੀ ਨਹੀਂ ਤੈਨੂੰ,
ਨਾ ਹੀ ਵਾਪਸ ਬੁਲਾਂਵਾਂਗੀ,
ਤੇ ਤੂੰ ਵੀ ਵਾਅਦਾ ਕਰ ਮੇਰੇ ਨਾਲ,
ਪਿਛਾਂਹ ਪਰਤ ਕੇ ਨਾ ਵੇਖੀਂ,
ਇਹ ਜਾਨਣ ਦੀ ਕੋਸ਼ਿਸ਼ ਨਾ ਕਰੀਂ,
ਕਿ ਮੈਂ ਕਿਵੇਂ ਜਿਉਂ ਰਹੀ ਆਂ,
ਤੇਰੇ ਜਾਣ ਤੋਂ ਬਾਅਦ !
ਤੇਰੇ ਤੋਂ ਬਗੈਰ!!

## ਗਲਤੀ

ਤੂੰ ਆਖਿਆ ਸੀ ਨਾ ਕਿ ਕੀ ਪਿਆ ਪਿਆਰ 'ਚ,
ਵੇਖ ਮੈਂ ਗਲਾ ਘੁੱਟ ਦਿੱਤਾ ਆਪਣੀ ਮੁਹੱਬਤ ਦਾ,
ਤੂੰ ਆਖਿਆ ਸੀ ਨਾ ਕਿ ਆਪਣੀ ਜ਼ਿੰਦਗੀ ਜੀਅ,
ਵੇਖ ਜੀਅ ਰਹੀ ਹਾਂ ਮੈਂ ਜਿਉਂਦੀ ਲਾਸ਼ ਬਣਕੇ,
ਤੂੰ ਆਖਿਆ ਸੀ ਨਾ ਕਿ ਚੰਗਾ ਹੁੰਦਾ ਕਿਸੇ ਲਈ ਬਦਲ ਜਾਣਾ,
ਵੇਖ ਮੈਂ ਬਦਲ ਲਿਆ ਆਪਾ ਇੱਕ ਮਖੌਟਾ ਹੋਰ ਪਾਕੇ,
ਤੂੰ ਆਖਿਆ ਸੀ ਨਾ ਕਿ ਖੁਸ਼ ਰਿਹਾ ਕਰ,
ਵੇਖ ਮੈਂ ਹੱਸਦੀ ਹਾਂ ਹਰ ਵੇਲੇ ਸਾਰਾ ਦਰਦ ਅੰਦਰ ਸਮੇਟ ਕੇ,
ਤੂੰ ਅਖਿਆ ਸੀ ਨਾ ਕਿ ਸਾਹ ਲੈਣਾ ਬੰਦ ਨਾ ਕਰੀਂ,
ਵੇਖ ਮੇਰੇ ਸਾਹ ਚੱਲਦੇ ਨੇ ਹਉਂਕਿਆਂ ਦੇ ਰੂਪ 'ਚ,
ਤੇਰੀ ਇੱਕ ਗੱਲ ਵੀ ਨਹੀਂ ਮੋੜੀ ਮੈਂ,
ਹੁਣ ਤੂੰ ਵੀ ਮੇਰਾ ਆਖਾ ਮੰਨ,
ਚੱਲ ਭੁੱਲ ਜਾ ਮੈਨੂੰ ......
ਅਨਜਾਣੇ 'ਚ ਹੋਈ ਇੱਕ ਗਲਤੀ ਸਮਝਕੇ।

## ਅਣਕਹੇ ਅਹਿਸਾਸ

ਸੱਚ ਜਾਣੀਂ,
ਜਦੋਂ ਦਾ ਤੂੰ ਮੂੰਹ ਫੇਰਿਆ,
ਜਿਉਣ ਦੀ ਲਾਲਸਾ ਹੀ ਮੁੱਕਗੀ,
ਨੈਣ ਖਾਰੇ ਪਾਣੀ ਦੇ ਭਰੇ ਰਹਿੰਦੇ ਨੇ,
ਇੱਕ ਇੱਕ ਸਾਹ ਹੌਂਕੇ ਵਾਂਗ ਲੱਗਦਾ,
ਬੁੱਲ ਫਰਕਦੇ ਨੇ, ਬੋਲ ਮੁੱਕ ਗਏ ਨੇ,
ਬਹੁਤ ਵਲਵਲੇ ਨੇ ਮਨ ਅੰਦਰ,
ਬਹੁਤ ਚੀਸ ਹੈ ਦਿਲ ਅੰਦਰ,
ਸ਼ਬਦ ਗੂੰਗੇ ਹੋ ਗਏ ਨੇ, ਕਾਗਜ਼ ਕੋਰਾ ਪਿਆ,
ਕਲਮ ਹੱਥੋਂ ਛੁੱਟਦੀ ਏ,
ਸਿਰਫ ਸਿੱਲ੍ਹੀਆਂ ਅੱਖਾਂ ਨੇ,
ਹੰਝੂਆਂ ਨੇ ਕਾਗਜ਼ ਭਿਉਂ ਦਿੱਤਾ,
ਮੈਂ ਪਾੜ ਕੇ ਸੁੱਟ ਦਿੱਤਾ
ਤੇ ਨਾਲ ਹੀ ਸੁੱਟ ਦਿੱਤੇ ਕਿੰਨੇ ਅਣਕਹੇ ਅਹਿਸਾਸ।

## ਖੁਦਗਰਜ਼

ਹਾਂ, ਖੁਦਗਰਜ਼ ਹਾਂ ਮੈਂ,
ਬਹੁਤ ਡਰਦੀ ਹਾਂ ਰਿਸ਼ਤਿਆਂ ਦੀ ਤਿੜਕਨ ਤੋਂ,
ਇਸੇ ਲਈ ਘੁੱਟ ਕੇ ਫੜਨਾ ਲੋਚਦੀ ਹਾਂ ਮੁੱਠੀ ਅੰਦਰ,
ਪਰ ਰਿਸ਼ਤੇ ਕਦੋਂ ਰਹਿੰਦੇ ਨੇ ਫੜਕੇ ਰੱਖਣ ਨਾਲ,
ਕਿਰ ਜਾਂਦੇ ਨੇ ਹੌਲੀ ਹੌਲੀ,
ਜਿਵੇਂ ਕਿਰਦੀ ਜਾ ਰਹੀ ਹੈ ਜ਼ਿੰਦਗੀ ਪਲ ਪਲ!!

# ਜਿੰਦ ਨਿਮਾਣੀ

ਪਤਾ ਏ ਕਿ ਉਸ ਮੁੜ ਨਹੀਂ ਆਉਣਾ,
ਹਾਸੇ ਖੋਹ,ਪੱਲੇ ਪਾ ਗਿਆ ਰੋਣਾ,
ਫੇਰ ਵੀ ਦਿਲ ਨੂੰ ਆਸ ਜਿਹੀ ਏ,
ਸੱਖਣੀ ਕੋਈ ਪਿਆਸ ਜਿਹੀ ਏ,
ਜਦ ਵੀ ਕਿਧਰੇ ਆਹਟ ਹੋਵੇ,
ਭੱਜ ਕੇ ਜਾ ਕੁੰਡਾ ਮੈਂ ਖੋਲ੍ਹਾਂ,
ਖਾਲੀ ਵੇਖ ਬਰੂਹਾਂ ਪਰਤਾਂ,
ਜਿੰਦ ਨਿਮਾਣੀ ਬਿਰਹੋਂ ਰੋਲਾਂ।

## ਦਰਦ ਅਵੱਲੇ

ਇਹ ਦਰਦ ਅਵੱਲੇ ਨੇ,
ਨਾ ਨੈਣਾਂ ਥੀਂ ਵਹਿੰਦੇ ਨੇ,
ਨਾ ਕਾਗਜ਼ ਤੇ ਲਹਿੰਦੇ ਨੇ,
ਜਿੰਦ ਖੋਰੀ ਜਾਵਣ ਇਹ,
ਮਨ ਭੋਰੀ ਜਾਵਣ ਇਹ,
ਇਹ ਕਹਿ ਵੀ ਹੁੰਦੇ ਨਹੀਂ,
ਇਹ ਸਹਿ ਵੀ ਹੁੰਦੇ ਨਹੀਂ,
ਇਹ ਜ਼ਖ਼ਮ ਅਜੇ ਅੱਲੇ ਨੇ।
ਇਹ ਦਰਦ ਅਵੱਲੇ ਨੇ।

## ਗੁੰਮ ਸੁੰਮ

ਗੁੰਮ ਸੁੰਮ ਸੋਚ, ਗੁੰਮ ਸੁੰਮ ਖਿਆਲ,
ਗੁੰਮ ਸੁੰਮ ਲਫ਼ਜ਼, ਗੁੰਮ ਸੁੰਮ ਨੈਣ,
ਗੁੰਮ ਸੁੰਮ ਭਾਵਨਾਵਾਂ, ਗੁੰਮ ਸੁੰਮ ਵਜੂਦ,
ਗੁੰਮ ਸੁੰਮ ਜ਼ਿੰਦਗੀ, ਗੁੰਮ ਸੁੰਮ ਦਿਨ ਰਾਤ,
ਉਧੜੇ ਹੋਏ ਸੁਪਨੇ, ਹਾਰੀ ਹੋਈ ਨੀਂਦ,
ਉਖੜੇ ਹੋਏ ਕਦਮ, ਭਟਕੇ ਹੋਏ ਰਸਤੇ,
ਧੁੰਦਲੀ ਮੰਜ਼ਿਲ,
ਉਦਾਸ ਬੋਲ,
ਉਲਝੀ ਕਵਿਤਾ,
ਖਾਮੋਸ਼ ਆਲਮ,
ਸਭ ਤੇਰੀ ਚਾਹਤ ਦਾ ਸਿਲਾ।

## ਬਿਰਹਣ

ਜਦੋਂ ਵੀ ਹੌਲ ਜਿਹਾ ਪੈਂਦਾ,
ਤੇਰੀ ਤਸਵੀਰ ਵੇਖ ਲਵਾਂ,
ਹੱਥ ਕਾਲਜੇ ਧਰ ਕੇ,
ਦਰਦ ਹਿਜਰ ਦਾ ਸੇਕ ਲਵਾਂ।
ਤੇਰੇ ਬੋਲ ਗੂੰਜਦੇ ਕੰਨੀਂ,
ਨੈਣ ਦੀਦ ਤੇਰੀ ਦੇ ਪਿਆਸੇ,
ਤੂੰ ਮਨ ਮੇਰੇ ਦਾ ਮਹਿਰਮ,
ਹੋਰ ਕਿਸ ਦੀ ਓਟ ਲਵਾਂ।
ਸਰ ਸਰ ਪੈਰਾਂ ਦੀ ਆਹਟ,
ਭੱਜ ਕੁੰਡਾ ਖੋਲ੍ਹ ਦਿਆਂ,
ਵੇਖ ਹਵਾ ਦਾ ਬੁੱਲਾ,
ਫੇਰ ਬੂਹਾ ਭੇੜ ਲਵਾਂ।
ਦੁਨਿਆਵੀ ਹਾਸਾ ਹੱਸਦੀ,
ਪੀੜਾਂ 'ਚ ਪਰੁੰਨੀ ਮੈਂ,
ਰਾਤੀਂ ਹੰਝੂਆਂ ਭਿੱਜਿਆ ਸਿਰਹਾਣਾ,
ਸਵੇਰੇ ਮੁੱਖ ਚੁੰਨੀ 'ਚ ਲਪੇਟ ਲਵਾਂ।

## ਬੇਜਾਨ ਮੂਰਤ

ਮੈਨੂੰ ਮੇਰੀ ਹੀ ਤਸਵੀਰ 'ਚੋਂ ਚੁਰਾ ਕੇ,
ਤੂੰ ਚੇਸ਼ਟਾ ਕੀਤੀ ਰੂਪਾਂਤਰਨ ਕਰਨ ਦੀ,
ਆਪਣੇ ਖਿਆਲਾਂ ਦੀ ਮੂਰਤ ਨਾਲ।
ਨਤੀਜਨ, ਨਾ ਮੈਂ ਮੈਂ ਰਹੀ,
ਨਾ ਹੀ ਤੇਰੇ ਖਿਆਲਾਂ ਦੀ ਮੂਰਤ ਬਣੀ।
ਬਿਖਰ ਗਿਆ ਤਿੜਕ ਕੇ ਵਜੂਦ,
ਵੱਖਰੇ ਵੱਖਰੇ ਅਕਸਾਂ 'ਚ,
ਕਿੰਨੇ ਹੀ ਰਾਜ਼ ਭਰੇ ਅਕਸ,
ਜੋ ਨਾ ਮਨਜ਼ੂਰ ਹੋਏ ਤੇਰੇ ਮਨ ਨੂੰ,
ਨਾ ਅਪਣਾਏ ਤੇਰੇ ਖਿਆਲਾਂ ਨੇ,
ਅੰਤ ਨੂੰ ਫਿਰ ਰਹਿ ਗਈ ਉਹੀ ਤਸਵੀਰ,
ਰੀਝਾਂ ਤੋਂ ਸੱਖਣੀ,
ਚਾਵਾਂ ਤੋਂ ਕੋਰੀ,
ਬੇਜਾਨ ਮੂਰਤ ਜਿਹੀ।

# ਮਹਿਬੂਬ ਜਾਂ ਤਵਾਇਫ਼

ਉਸ ਆਖਿਆ ਰੂਹਾਨੀ ਪਿਆਰ ਏ,
ਤੇ ਉਹ ਝੱਲੀ ਅੱਖਾਂ ਤੇ ਮੋਹ ਦੀ ਪੱਟੀ ਬੰਨ੍ਹ,
ਤੁਰ ਪਈ ਉਹਦੇ ਨਾਲ ਕਦਮ ਦਰ ਕਦਮ,
ਉਸ ਆਖਿਆ ਜਿਸਮ ਤੋਂ ਪਾਰ ਹੋ ਕੇ ਜਾਣਾ ਪੈਣਾ,
ਤੇ ਉਸ ਪਿਆਰ ਵਿਗੁੱਚੀ ਨੇ ਕਰ ਦਿੱਤਾ ਆਪਾ ਸਮਰਪਣ,
ਉਹ ਚੋਗ ਚੁਗ ਉਡਾਰੀ ਮਾਰ ਗਿਆ ਪਰਿੰਦੇ ਵਾਂਗ,
ਤੇ ਉਹ ਜ਼ਖਮੀ ਰੂਹ ਤੇ ਖਿਲਰਿਆ ਵਜੂਦ ਵੇਖ ਕੁਰਲਾ ਪਈ,
ਨੈਣਾਂ 'ਚ ਨੀਰ, ਮਨ 'ਚ ਕਸ਼ਮਕਸ਼,
ਸੋਚਾਂ 'ਚ ਪੈ ਗਈ, ਸਮਝਣੋਂ ਅਸਮਰਥ,
ਕਿ ਉਹ ਉਸਦੀ ਮਹਿਬੂਬਾ ਹੀ ਸੀ,
ਜਾਂ
ਇੱਕ ਦਿਨ ਦੀ ਤਵਾਇਫ!!

## ਆਖਰੀ ਖ਼ਤ

ਅੱਜ ਉਸ ਨੂੰ ਮੈਂ ਆਖਰੀ ਖ਼ਤ ਲਿਖਿਆ,
ਕਿੰਨੇ ਹੀ ਜਜਬਾਤ ਹਰਫਾਂ ਦੀਆਂ ਕੰਧਾਂ 'ਚ ਚਿਣ ਦਿੱਤੇ,
ਕਿੰਨੇ ਹੀ ਅਹਿਸਾਸ ਅੱਖਰ ਬਣ ਤੜਪ ਉੱਠੇ,
ਤੇ ਕਾਗਜ਼ ਦੀ ਹਿੱਕ ਨੂੰ ਸੇਕ ਪਹੁੰਚਿਆ!
ਅੱਜ ਉਸਨੂੰ ਮੈਂ ਆਖਰੀ ਖ਼ਤ ਲਿਖਿਆ,
ਲਫ਼ਜ਼ਾਂ ਨੇ ਤਕਦੀਰ ਦਾ ਰੂਪ ਧਾਰਿਆ,
ਕਿੰਨੇ ਹੀ ਸਵਾਲ ਸਫੈਦੇ ਦੇ ਰੁੱਖਾਂ ਵਾਂਗ ਉੱਚੇ ਖਲੋ ਗਏ,
ਤੇ ਗੁੰਝਲਦਾਰ ਜਵਾਬ ਪੱਤੇ ਬਣ ਕੰਬਣ ਲਗੇ,
ਨੈਣਾਂ ਦੇ ਨੀਰ ਨੇ ਸਮੁੰਦਰ ਦੇ ਖਾਰੇ ਪਣ ਨੂੰ ਹਰਾ ਦਿੱਤਾ!
ਅੱਜ ਉਸਨੂੰ ਮੈਂ ਆਖਰੀ ਖ਼ਤ ਲਿਖਿਆ,
ਮਨ ਦੀ ਕੈਨਵਸ ਫੇਰ ਬੇਰੰਗ ਹੋ ਗਈ,
ਜ਼ਿੰਦਗੀ ਦੀ ਮਹਿਮਾਨ ਨਿਵਾਜੀ ਫ਼ਿੱਕੀ ਪੈ ਗਈ,
ਹਉਂਕਿਆਂ 'ਚ ਉਸਦੇ ਪਿਆਰ ਦੀ ਮਿਠਾਸ ਰਲ ਗਈ,
ਤੇ ਮੈਂ ਹਾਵਿਆਂ ਦੀ ਕੜਵਾਹਟ ਦਾ ਘੁੱਟ ਭਰ ਲਿਆ; ਅੱਜ ਉਸ ਨੂੰ ਮੈਂ
ਆਖਰੀ ਖ਼ਤ ਲਿਖਿਆ,
ਤੇ ਮੇਰੇ ਬੋਲਾਂ ਨੇ ਸਦਾ ਲਈ ਚੁੱਪੀ ਧਾਰ ਲਈ,
ਇਹ ਸੰਨਾਟੇ ਦੀ ਬਰਫ,
ਹੁਣ ਹਿਜਰ ਦੇ ਸੇਕ ਨਾਲ ਵੀ ਪਿਘਲੇਗੀ ਨਹੀਂ,
ਬੱਸ ਮੈਂ ਖਾਮੋਸ਼ ਰਹਾਂਗੀ!
ਅੱਜ ਉਸ ਨੂੰ ਮੈਂ ਆਖਰੀ ਖ਼ਤ ਲਿਖਿਆ.......।

## ਸ਼ਿਕਵਾ

ਤੂੰ ਤਨਹਾ ਵੀ ਖ਼ੁਸ਼,
ਮੈਂ ਮਹਿਫਿਲ 'ਚ ਵੀ ਗਮਗੀਨ,
ਮੇਰੇ ਨੈਣਾਂ 'ਚ ਉਡੀਕ ਤੇਰੀ,
ਤੇਰੇ ਦਿਲ 'ਚ ਤਾਂਘ ਬੇਗਾਨੀ।
ਗਿਲਾ ਤਾਂ ਉਂਦੋਂ ਹੁੰਦਾ,
ਜੇ ਤੂੰ ਦਿਲ 'ਚ ਵਸਾਇਆ ਹੁੰਦਾ,
ਬੇਰੁਖੀ ਤੇ ਬੇਵਫਾਈ ਤੇ ਕਾਹਦਾ ਸ਼ਿਕਵਾ।
ਫਰਕ ਹੁੰਦਾ ਜ਼ਿੰਦਗੀ ਜੀਣ ਤੇ ਦਿਨ ਕੱਟਣ 'ਚ
ਸੱਚ ਜਾਣੀਂ ਜਦੋਂ ਦਾ ਤੂੰ ਰੁਸਿਆਂ,
ਮੈਂ ਜ਼ਿੰਦਗੀ ਨੂੰ ਜਿਉਣਾ ਹੀ ਛੱਡ ਦਿੱਤਾ।

## ਮਿਲਣ

ਜਿੱਥੇ ਜਾ ਮੁੱਕਦੀ ਏ,
ਧਰਤ ਤੇ ਆਕਾਸ਼ ਦੀ ਹੱਦ,
ਉਥੋ ਤੁਰਦੀ ਏ,
ਤੇਰੇ ਮੇਰੇ ਇਸ਼ਕ ਦੀ ਰਵਾਨੀ !
ਜਿਸ ਧੁਰ ਤੇ ਹੁੰਦਾ ਏ,
ਧਰਤ ਤੇ ਆਕਾਸ਼ ਦਾ ਸੁਮੇਲ,
ਉਸ ਧੁਰ ਤੋਂ ਸ਼ੁਰੂ ਹੁੰਦੀ ਏ,
ਤੇਰੇ ਮੇਰੇ ਮਿਲਣ ਦੀ ਕਹਾਣੀ।

# ਉਮੀਦ

ਹੈ ਉਮੀਦ ਮੈਨੂੰ, ਆਪਾਂ ਮਿਲਾਂਗੇ ਜ਼ਰੂਰ,
ਜਿਸਮਾਂ ਤੋਂ ਪਾਰ !
ਆਪਾਂ ਵਿਛੜੇ ਜ਼ਰੂਰ ਹਾਂ,
ਜੁਦਾ ਹੋਏ ਆਂ,
ਪਰ ਦਿਲੋਂ ਨਹੀਂ,
ਦਿਮਾਗ ਤੋਂ !
ਮਿਲਾਂਗੀ ਮੈਂ ਤੈਨੂੰ, ਸੰਦਲੀ ਹਵਾ ਬਣ,
ਛੂਹ ਲਵਾਂਗੀ ਤੇਰੇ ਸਾਹਾਂ ਨੂੰ !
ਮਿਲਾਂਗੀ ਮੈਂ ਤੈਨੂੰ, ਚੰਨ ਦੀ ਰਿਸ਼ਮ ਬਣ,
ਤੇਰੇ ਮੱਥੇ ਚੁੰਮਣ ਧਰਾਂਗੀ !
ਮਿਲਾਂਗੀ ਮੈਂ ਤੈਨੂੰ, ਚੜ੍ਹਦੇ ਸੂਰਜ ਦੀ ਲਾਲੀ ਬਣ,
ਤੈਨੂੰ ਕਲਾਵੇ 'ਚ ਭਰਾਂਗੀ !
ਬੱਸ ਤੂੰ ਮੈਨੂੰ ਮਹਿਸੂਸ ਕਰੀਂ,
ਆਪਣੇ ਆਸ ਪਾਸ,
ਰੂਹ ਦੇ ਨਾਲ !!

## ਆਸ

ਫੁੱਲਾਂ ਜਿਹੀ ਕੋਮਲਤਾ,
ਖ਼ੁਸ਼ਬੂ ਜਿਹਾ ਅਹਿਸਾਸ,
ਤੇਰਾ ਪਿਆਰ !
ਚੜ੍ਹਦੇ ਸੂਰਜ ਦੀ ਲਾਲੀ ਜਿਹੀ ਹੁਸੀਨ,
ਸਿਆਲਾਂ ਦੀ ਧੁੱਪ ਜਿਹੀ ਨਿੱਘੀ,
ਤੇਰੀ ਚਾਹਤ !
ਵਹਿੰਦੇ ਪਾਣੀ ਦੀ ਕਲ਼ ਕਲ਼ ਜਿਹੇ ਮਿੱਠੜੇ,
ਚਾਂਦਨੀ ਰਾਤ ਜਿਹੇ ਠੰਡੇ,
ਤੇਰੇ ਬੋਲ !
ਅਸਮਾਨੀਂ ਉੱਡਦੀ ਬਦਲੋਟੀ ਜਿਹੀ ਬੇਖਬਰ,
ਪੰਛੀਆਂ ਜਿਹੀ ਬੇਪਰਵਾਹ ਪਰਵਾਜ਼,
ਤੇਰੀ ਯਾਦ!
ਮੇਰੇ ਦਿਲ ਦੀ ਧੜਕਨ,
ਮੇਰੀ ਰੂਹ ਦੀ ਪਿਆਸ,
ਤੇਰੇ ਮਿਲਣ ਦੀ ਆਸ!!